Vide R.N.I. No. Pun-Pun 2002/8323 ASR/0001/2021/23

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 137
D.O.P. 10 Jan. 2021



ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਅਤੇ
ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ
ਆਗਮਨ ਦਿਹਾੜੇ ਦੀਆਂ ਬੇਅੰਤ
ਬੇਅੰਤ ਵਧਾਈਆਂ ਜੀ !

ਧੰਨ ਧੰਨ ਬਾਬਾ ਦੀਪ ਸਿੰਘ ਜੀ

## ਬਾਬਾ ਦੀਪ ਸਿੰਘ ਜੀ ਸੇਵਾ ਸਿਮਰਨ ਸੁਸਾਇਟੀ ਦਾ 10ਵਾਂ ਸਲਾਨਾ ਸਮਾਗਮ

# ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਬਾਬਾ ਦੀਪ ਸਿੰਘ ਜੀ ਸੇਵਾ ਸਿਮਰਨ ਸੁਸਾਇਟੀ ਅਤੇ ਗੁ: ਨਵੀਨ ਸ੍ਰੀ ਗੁਰੂ ਸਿੰਘ ਸਭਾ, ਭਾਈ ਜਸਵਿੰਦਰ ਸਿੰਘ ਜੀ ਤੇ ਸਮੂਹ ਸਹਿਯੋਗੀ ਪਟਿਆਲਾ ਵੱਲੋਂ ਹਰ ਸਾਲ ਸਲਾਨਾ ਸਮਾਗਮ ਕਰਵਾਇਆ ਜਾਂਦਾ ਹੈ। ਕੋਵਿਡ–19 ਕਾਰਨ ਇਸ ਵਾਰ ਇਹ 10ਵਾਂ ਸਲਾਨਾ ਸਮਾਗਮ 13 ਦਸੰਬਰ 2020 ਨੂੰ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕਰਵਾਇਆ ਗਿਆ। ਜਿਸ ਵਿੱਚ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ (ਗ੍ਰੰਥੀ ਸ੍ਰੀ ਦਰਬਾਰ ਸਾਹਿਬ), ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ (ਐਡੀਸ਼ਨਲ ਹੈੱਡ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ), ਗਿਆਨੀ ਮਿਲਾਪ ਸਿੰਘ ਜੀ (ਹੈੱਡ ਗ੍ਰੰਥੀ ਗੁ: ਸ੍ਰੀ ਹੇਮਕੁੰਟ ਸਾਹਿਬ) ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨੇ ਕਥਾ–ਕੀਰਤਨ ਦੀਆਂ ਹਾਜ਼ਰੀਆਂ ਭਰੀਆਂ।

1


2



3



4


1. ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ (ਗ੍ਰੰਥੀ ਸ੍ਰੀ ਦਰਬਾਰ ਸਾਹਿਬ), ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ (ਐਡੀਸ਼ਨਲ ਹੈੱਡ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ), 2. ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), 3. ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਕਥਾ–ਕੀਰਤਨ ਨਾਲ ਸੰਗਤਾਂ ਨੂੰ ਜੋੜਦੇ ਹੋਏ, 4. ਸਿੰਘ ਸਾਹਿਬ ਗਿਆਨੀ ਮਿਲਾਪ ਸਿੰਘ ਜੀ ਨੂੰ ਭਾਈ ਸਾਹਿਬ ਜੀ ਸਨਮਾਨਿਤ ਕਰਦੇ ਹੋਏ ਨਾਲ ਖੜ੍ਹੇ ਹਨ ਭਾਈ ਜਸਵਿੰਦਰ ਸਿੰਘ ਜੀ

# ਧੰਨ ਧੰਨ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਸੁਸਾਇਟੀ ਦਾ 13ਵਾਂ ਮਹਾਨ ਗੁਰਮਤਿ ਸਮਾਗਮ

ਸਤਿਗੁਰੂ ਜੀ ਦੀ ਅਪਾਰ ਕਿਰਪਾ ਨਾਲ ਧੰਨ ਧੰਨ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਸੁਸਾਇਟੀ (ਰਜ਼ਿ) ਨਿਊ ਅੰਤਰਯਾਮੀ ਕਲੌਨੀ, ਸ੍ਰੀ ਅੰਮ੍ਰਿਤਸਰ ਵੱਲੋਂ 20 ਸਤੰਬਰ 2020 ਨੂੰ ਬੀਬੀ ਕੌਲਾਂ ਜੀ ਭਲਾਈ ਕੇਂਦਰ ਵਿਖੇ 13ਵਾਂ ਸਲਾਨਾ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨੇ ਕਥਾ– ਕੀਰਤਨ ਦੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਨਿਹਾਲ ਕੀਤਾ।

1



2



3



1. ਭਾਈ ਤੇਜਪਾਲ ਸਿੰਘ ਜੀ (ਬੀਬੀ ਕੌਲਾਂ ਜੀ ਭਲਾਈ ਕੇਂਦਰ ਵਾਲੇ), 2. ਧੰਨ ਧੰਨ ਬਾਬਾ ਦੀਪ ਸਿੰਘ ਜੀ ਫ੍ਰੀ ਸੰਗੀਤ ਅਕੈਡਮੀ (ਰਜ਼ਿ) ਅੰਤਰਯਾਮੀ ਕਲੌਨੀ ਦੇ ਬੱਚੇ–ਬੱਚੀਆਂ, 3. ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਕੀਰਤਨ ਦੀ ਵਰਖਾ ਕਰਦੇ ਹੋਏ।

Asr. G.P.O.No. PB0001/ 2021-23

ੴ ਸਤਿਗੁਰ ਪ੍ਰਸਾਦਿ॥

ਅੰਕ-137ਵਾਂ (2021)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਕੰਪਿਊਟਰ: ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

ਸੰਪਾਦਕੀ 4
ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ
ਤੇਰ੍ਹਵਾਂ ਭਾਗ- ਧੰਨ ਧੰਨ ਮਾਤਾ ਸਾਹਿਬ ਕੌਰ ਜੀ 5
ਜ਼ਿੰਦਗੀ ਦੀਆਂ ਬਰੀਕੀਆਂ 15
ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 18
ਅਧਿਆਤਮਿਕ ਵਿਚਾਰਾਂ 21
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ 22
ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 24
ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾਸਤਾਨ 25
ਮੈਨੂੰ ਜ਼ਰੂਰ ਪੜ੍ਹੋ 31
ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ 32
400 ਸਾਲ ਗੁਰ ਇਤਿਹਾਸ ਦੇ ਨਾਲ 35
ਅਨਮੋਲ ਬਚਨ 37
ज़िंदगी की बारीकियाँ 38
जन नानक गुरु पूरा पाइआ 40
धन्य धन्य बाबा अटल राय जी 50
How Baba Deep Singh Ji
Blesses All? 53
Which are the Ten Sins? 59

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀ ਪਾਵਨ ਸ਼ਤਾਬਦੀ ਮਨਾਉਣ ਲਈ ਸਿੱਖ ਸੰਗਤਾਂ ਵਿੱਚ ਬਹੁਤ ਉਤਸ਼ਾਹ ਹੈ। ਪਿਤਾ ਜੀ ਦਾ ਪਾਵਨ ਪ੍ਰਕਾਸ਼ ਦਿਹਾੜਾ ਮਨਾਉਂਦਿਆਂ ਸਿੱਖ ਨੇ ਆਪਣੇ ਅੰਦਰੋਂ ਵੇਖਣਾ ਹੈ ਕਿ ਆਪਣਾ ਗ੍ਰਿਹਸਥੀ ਧਰਮ ਨਿਭਾਉਂਦਿਆਂ ਧਰਮ ਦੇ ਪੱਖ ਤੋਂ ਮੈਂ ਕਿੱਥੇ ਖੜ੍ਹਾ ਹਾਂ, ਮੇਰੇ ਅੰਦਰ ਕਿਹੜੀਆਂ-ਕਿਹੜੀਆਂ ਕਮਜ਼ੋਰੀਆਂ ਹਨ ਤੇ ਫਿਰ ਉਨ੍ਹਾਂ ਕਮਜ਼ੋਰੀਆਂ ਨੂੰ ਦੂਰ ਕਰਨ ਲਈ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਜੋਈ ਕਰਨੀ ਹੈ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਜੀਵਨ ਦੇਖੀਏ ਤੇ ਉਨ੍ਹਾਂ ਦੇ ਜੀਵਨ ਦਾ ਇੱਕ ਨਿਵੇਕਲਾ ਪੱਖ ਇਹ ਸਾਹਮਣੇ ਆਉਂਦਾ ਹੈ ਕਿ ਪਿਤਾ ਜੀ ਨੇ ਜੀਵਨ ਵਿੱਚ ਤਿਆਗ ਹੀ ਰੱਖਿਆ। ਨੌਵੇਂ ਪਾਤਸ਼ਾਹ ਜੀ ਦਾ ਪਹਿਲਾ ਸ਼ਬਦ ਹੀ ਇਹ ਹੈ:

***ਸਾਧੋ ਮਨ ਕਾ ਮਾਨੁ ਤਿਆਗਉ ॥*** *(ਅੰਗ ੨੧੯)*

ਹੇ ਇਨਸਾਨ, ਜੇ ਤੂੰ ਧਰਮ ਦੇ ਰਸਤੇ ਤੇ ਮੰਜ਼ਿਲ ਤੇ ਪਹੁੰਚਣਾ ਚਾਹੁੰਦਾ ਹੈ ਤੇ ਆਪਣੇ ਅੰਦਰੋਂ ਮਾਣ ਦਾ ਤਿਆਗ ਕਰ ਦੇ, ਹੰਕਾਰ ਦਾ ਤਿਆਗ ਕਰ ਦੇ, ਇਸ ਮੈਂ ਮੇਰੀ ਨੂੰ ਮੁਕਾ ਦੇ। ਹਕੀਕਤ ਵੀ ਇਹ ਹੈ ਕਿ ਸਿੱਖ ਤੇ ਗੁਰੂ ਵਿੱਚ ਜੇ ਕੋਈ ਪਰਦਾ ਹੈ ਤੇ ਉਹ ਹੈ, ਹਉਮੈ ਦਾ ਪਰਦਾ। ਮਹਾਂਪੁਰਸ਼ ਬਚਨ ਕਰਦੇ ਸਨ, ਵਿਕਾਰੀ ਬਖਸ਼ੇ ਗਏ, ਕਾਮੀ ਬਖਸ਼ੇ ਗਏ ਪਰ ਜਿਸ ਨੇ ਹਉਮੈ ਨਹੀਂ ਛੱਡੀ, ਉਸਨੂੰ ਜ਼ਰੂਰ ਪਰਚਾ ਪੈਂਦਾ ਹੈ। ਕਿਉਂ? ਹਉਮੈ ਕਰਨ ਵਾਲਾ ਪਰਮਾਤਮਾ ਦਾ ਸ਼ਰੀਕ ਬਣ ਜਾਂਦਾ ਹੈ। ਅਰਦਾਸ ਕਰੋ, ਸਤਿਗੁਰੂ ਜੀ ਕਿਰਪਾ ਕਰਨ, ਸਾਡੇ ਜੀਵਨ ਵਿੱਚੋਂ ਹਉਮੈ ਦਾ ਤਿਆਗ ਹੋ ਜਾਵੇ। ਅਗਲਾ ਗੁਣ ਸਤਿਗੁਰੂ ਜੀ ਬਖਸ਼ਦੇ ਹਨ, ਕੀ ਤਿਆਗਣਾ ਹੈ:

***ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥*** *(ਅੰਗ ੨੧੯)*

ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਬਚਨ ਕਰਦੇ ਹਨ, ਜਿੱਥੇ ਮਾਣ ਤਿਆਗਣਾ ਹੈ, ਉੱਥੇ ਨਾਲ ਹੀ ਕਾਮ ਤੇ ਕ੍ਰੋਧ ਦਾ ਵੀ ਤਿਆਗ ਕਰਨਾ ਹੈ। ਸਿੱਖ ਦੀ ਜ਼ਿੰਦਗੀ ਵਿੱਚ ਇਹ ਬਹੁਤ ਵੱਡੇ ਟੋਏ ਹਨ ਜਿੱਥੋਂ ਸਿੱਖ ਨੇ ਬਚ ਕੇ ਰਹਿਣਾ ਹੈ। ਨਹੀਂ ਤਾਂ ਇੱਕ ਪਾਸੇ ਤੋਂ ਬੰਦਗੀ ਦਾ ਭਾਂਡਾ ਭਰੀ ਜਾਂਦਾ ਹੈ ਤੇ ਇਹ ਦੋਵੇਂ ਟੋਏ ਪਾਰ ਨਹੀਂ ਕੀਤੇ ਤੇ ਨਾਲ-ਨਾਲ ਡੁੱਲ੍ਹਦਾ ਜਾਵੇਗਾ। ਅੱਗੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਬਚਨ ਕਰਦੇ ਹਨ:

***ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥***
***ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥*** *(ਅੰਗ ੬੩੩)*

ਬੜਾ ਔਖਾ ਹੈ, ਖੁਸ਼ੀ ਤੇ ਗਮੀ ਵਿੱਚ ਇੱਕ ਸਮਾਨ ਰਹਿਣਾ। ਗੁਰੂ ਸਾਹਿਬ ਕਿਰਪਾ ਕਰਨ ਤੇ ਤਾਂ ਹੀ ਇਹ ਖੇਡ ਬਣ ਸਕਦੀ ਹੈ। ਜੇ ਕੋਈ ਨਿੰਦਿਆ ਕਰ ਰਿਹਾ ਹੈ ਤੇ ਤਾਂ ਵੀ ਕੋਈ ਫਰਕ ਨਹੀਂ। ਕੋਈ ਉਸਤਤ ਕਰ ਰਿਹਾ ਹੈ ਤੇ ਖੁਸ਼ੀ ਨਹੀਂ। ਸੁਖਮਨੀ ਸਾਹਿਬ ਦੀ ਬਾਣੀ ਵਿੱਚ ਇਸ ਅਵਸਥਾ ਦਾ ਜ਼ਿਕਰ ਆਉਂਦਾ ਹੈ:

***ਤੈਸਾ ਹਰਖੁ ਤੈਸਾ ਉਸੁ ਸੋਗੁ ॥*** *(ਅੰਗ ੨੭੫)*

ਜੀਵਨ ਮੁਕਤ ਹੀ ਉਹ ਹੈ ਜਿਸ ਨੇ ਖੁਸ਼ੀ ਤੇ ਗਮੀ ਨੂੰ ਇੱਕ ਸਮਾਨ ਕਰਕੇ ਜਾਣਿਆ ਹੈ। ਨੌਵੇਂ ਪਾਤਸ਼ਾਹ ਜੀ ਦਾ ਜੀਵਨ ਵੇਖੀਏ ਤੇ ਪਿਤਾ ਜੀ ਦੇ ਘਰ ਵਿਆਹ ਤੋਂ ਤਕਰੀਬਨ 30 ਸਾਲ ਬਾਅਦ ਦਸਮ ਪਾਤਸ਼ਾਹ ਜੀ ਦਾ ਆਗਮਨ ਹੋਇਆ ਤੇ ਜਿਸ ਦਿਨ ਆਗਮਨ ਹੋਇਆ, ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਘਰ ਨਹੀਂ ਸਨ, ਅਸਾਮ ਸ਼ਹਿਰ ਵਿੱਚ ਪ੍ਰਚਾਰ ਕਰਨ ਗਏ ਹੋਏ ਸਨ। ਪੰਜ ਸਾਲ ਦੀ ਆਯੂ ਜਦੋਂ ਕਲਗੀਧਰ ਪਿਤਾ ਜੀ ਦੀ ਹੋਈ ਤੇ ਉਸ ਸਮੇਂ ਪਹਿਲੀ ਵਾਰ ਪਿਤਾ ਤੇ ਪੁੱਤਰ ਦਾ ਆਪਸ ਵਿੱਚ ਮਿਲਾਪ ਹੋਇਆ। ਮੋਹ ਨੂੰ ਕਿੰਨਾ ਤਿਆਗਿਆ ਹੋਇਆ ਹੈ, ਪਿਤਾ ਜੀ ਨੇ। ਕੇਵਲ ਉਪਦੇਸ਼ ਹੀ ਨਹੀਂ ਕਰ ਰਹੇ, ਆਪਣੇ ਜੀਵਨ ਰਾਹੀਂ ਸਾਨੂੰ ਪ੍ਰੇਰਨਾ ਵੀ ਦੇ ਰਹੇ ਹਨ ਪਰ ਅਖੀਰ ਤੇ ਸਤਿਗੁਰੂ ਜੀ ਨਤੀਜਾ ਕੀ ਕੱਢਦੇ ਹਨ:

***ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥*** *(ਅੰਗ ੨੧੯)*

ਇਹ ਦਾਤਾਂ ਕਿਸੇ ਵਿਰਲੇ ਦੇ ਹਿੱਸੇ ਹੀ ਆਉਂਦੀਆਂ ਹਨ ਪਰ ਸਾਡੇ ਪਿਤਾ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਬਹੁਤ ਵੱਡੇ ਹਨ, ਮਿੱਠ ਬੋਲੜੇ ਹਨ, ਸਰਬ ਕਲਾ ਸਮਰੱਥ ਹਨ ਤੇ ਉਨ੍ਹਾਂ ਦੇ ਚਰਨਾਂ ਵਿੱਚ ਵੀ ਅਰਦਾਸ ਕਰੀਏ ਹੇ ਸੱਚੇ ਪਾਤਸ਼ਾਹ ਜੀ! ਕਿਰਪਾ ਕਰੋ, ਇਸ ਜੀਵਨ ਵਿੱਚ ਹੀ ਇਹ ਦਾਤਾਂ ਕਿਨਕਾ ਮਾਤਰ ਹੀ ਝੋਲੀ ਪਾ ਦੇਣੀਆਂ ਤਾਂ ਕਿ ਸਾਡਾ ਵੀ ਇਹ ਜਨਮ ਇਸ ਧਰਤੀ ਤੇ ਆਉਣਾ ਸਫਲ ਹੋ ਜਾਵੇ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

*—ਸੰਪਾਦਕ*

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਤੇਰ੍ਹਵਾਂ ਭਾਗ- ਧੰਨ ਧੰਨ ਮਾਤਾ ਸਾਹਿਬ ਕੌਰ ਜੀ

## ਖਾਲਸਾ ਪੰਥ ਦੀ ਧਰਮ ਮਾਤਾ ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦਾ ਨਿਤਨੇਮ ਕਿਤਨਾ ਸੀ?

ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—"ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਤੇਰ੍ਹਵਾਂ ਭਾਗ- ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।

*—ਸੰਪਾਦਕ*

---

### *ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ*

ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਨੂੰ ਜੇ ਪੜ੍ਹੀਏ ਤੇ ਪਿਤਾ ਜੀ ਦੇ ਜੀਵਨ ਵਿੱਚੋਂ ਪ੍ਰਤੱਖ ਸੱਚਾਈ ਤੇ ਅਸਲੀਅਤ ਦੇ ਦਰਸ਼ਨ ਹੁੰਦੇ ਹਨ, ਕਰਿਓ ਸ਼ਬਦ ਦੁਆਰਾ ਦਰਸ਼ਨ, ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਕੌਣ ਹਨ? ਇਹ ਹੈ ਪ੍ਰਤੱਖ :

***ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ ॥***
***ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ ॥***
***ਅਗਾਧਿ ਬੋਧਿ ਅਪਾਰ ਕਰਤੇ ਮੋਹਿ ਨੀਚੁ ਕਛੂ ਨ ਜਾਨਾ ॥***
***ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚੁ ਇਆਨਾ ॥***
***ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ ॥***
***ਨਾਨਕ ਸਰਨਿ ਸਮਰਥ ਸੁਆਮੀ ਪੈਜ ਰਾਖਹੁ ਮੋਰੀ ॥੩॥***

*(ਅੰਗ ੫੪੭)*

ਇਹ ਮਾਇਆ ਨੂੰ ਕਿਹਾ ਹੈ। ਇਹ ਕਿਸੇ ਕੋਲ ਇੱਕ ਵੇਲੇ ਨਹੀਂ ਟਿਕਦੀ, ਹਰ ਵੇਲੇ ਚਲਦੀ ਰਹਿੰਦੀ ਹੈ। ਚੰਚਲ ਵੀ ਹੈ। ਔਖੇ ਹੋ ਕੇ ਮੈਂ ਜੋੜੀ।

***ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ ॥***
***ਨਾਨਕ ਸਰਨਿ ਸਮਰਥ ਸੁਆਮੀ ਪੈਜ ਰਾਖਹੁ ਮੋਰੀ ॥੩॥***

*(ਅੰਗ ੫੪੭)*

ਇੱਕ ਇੱਕ ਅੱਖਰ ਸੱਚ ਹੈ। ਜਿੰਨੇ ਵੀ ਅਸਥਾਨ ਮਹਾਰਾਜ ਜੀ ਨੇ ਵਸਾਏ, ਤਰਨਤਾਰਨ ਸਾਹਿਬ ਹੀ ਲੈ ਲਓ। ਇੱਥੇ ਚਮੜੀ ਦੇ ਰੋਗ ਰਾਜ਼ੀ ਹੋਣਗੇ। ਜਿਤਨੇ ਵੀ ਮਹਾਰਾਜ ਜੀ ਨੇ ਅਸਥਾਨ ਵਸਾਏ, ਫਿਰ ਇਹ ਨਹੀਂ ਆਖਿਆ ਕਿ ਕੇਵਲ ਸਿੱਖ ਦੇ ਹੀ ਰਾਜ਼ੀ ਹੋਣਗੇ, ਪੁੰਨਾਂ ਵਾਲਿਆਂ ਦੇ ਹੀ ਰਾਜ਼ੀ ਹੋਣਗੇ, ਅੱਖਾਂ ਨਾਲ ਵੇਖਿਆ ਹੈ, ਕੋਈ ਪਾਪੀ ਵੀ, ਜੁਗਤੀ ਅਨੁਸਾਰ ਹਾਜ਼ਰੀ ਭਰਦਾ ਹੈ, ਅੱਜ ਵੀ ਜਦੋਂ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਰੋਗੀਆਂ ਦੇ ਰੋਗ

ਰਾਜ਼ੀ ਕਰਦੇ ਹਨ ਤੇ ਇਹ ਪੰਕਤੀਆਂ ਸਾਹਮਣੇ ਆਉਂਦੀਆਂ ਹਨ:

***ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ ॥***
*(ਅੰਗ ੫੪੭)*

ਵਿੱਚ ਦਿਲ ਕਰਦਾ ਸੀ, ਪਿਆਰ ਵਿੱਚ ਇਹ ਧਾਰਨਾ ਪੜ੍ਹ ਦੇਈਏ ਕਿ ਤੁਸੀਂ ਇਤਨੇ ਪਿਆਰੇ ਹੋ, ਧੰਨ ਸ੍ਰੀ ਗੁਰੂ ਅਰਜਨ ਦੇਵ ਜੀ, ਇੰਨੇ ਦਿਆਲੂ ਹੋ, ਇੰਨੇ ਮਿਹਰਵਾਨ ਹੋ, ਤੁਸੀਂ ਬਾਣੀ ਇਕੱਤਰ ਕੀਤੀ ਹੈ, ਕੋਈ ਪਾਪੀ ਆ ਜਾਵੇ, ਅਕ੍ਰਿਤਘਣ ਆ ਜਾਵੇ, ਸਭ ਦੀ ਝੋਲੀ ਭਰਦੀ ਹੈ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਰੋਵਰ ਦੀ ਰਚਨਾ ਕੀਤੀ ਹੈ ਸ੍ਰੀ ਗੁਰੂ ਰਾਮਦਾਸ ਜੀ ਨੇ, ਸ੍ਰੀ ਦਰਬਾਰ ਸਾਹਿਬ ਪ੍ਰਗਟ ਕੀਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉੱਥੇ ਵੀ ਕਿਰਪਾ ਕੀਤੀ, ਕੋਈ ਪਾਪੀ ਆਵੇ ਭਾਵੇਂ ਕੋਈ ਪੁੰਨੀ ਆਵੇ, ਉੱਥੇ ਵੀ ਸਭ ਦੀ ਝੋਲੀ ਭਰਦੀ ਹੈ। ਸ੍ਰੀ ਤਰਨਤਾਰਨ ਸਾਹਿਬ ਦੇ ਅਸਥਾਨ ਤੇ ਕੋਈ ਆ ਜਾਵੇ, ਸਭ ਦੀ ਝੋਲੀ ਭਰਦੀ ਹੈ। ਇਹ ਦੇਖ ਕੇ ਫਿਰ ਕਈ ਵਾਰ ਅੰਦਰੋਂ ਨਿਕਲਦਾ ਹੈ:

***ਜਿੰਦੇ ਮੇਰੀਏ ਮਿੱਟੀ ਦੀਏ ਢੇਰੀਏ,***
***ਮਨ ਪੰਜਵੇਂ ਗੁਰਾਂ ਨੂੰ ਵੇਚ ਦੇ।***

ਐਸੀ ਨਿਗ੍ਹਾ ਨਾਲ ਉਨ੍ਹਾਂ ਨੂੰ ਤੱਕੋ, ਐਸੇ ਵੇਦਨ ਨਾਲ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਪਿਆਰ ਕਰੋ, ਆਉਣ ਵਾਲਾ ਦਿਹਾੜਾ ਇੰਨੇ ਪਿਆਰ ਨਾਲ ਉਨ੍ਹਾਂ ਦਾ ਮਨਾਓ, ਛਬੀਲ ਵੀ ਲਗਾਉਣੀ ਹੋਵੇ ਤੇ ਉਸ ਵਿੱਚ ਵੀ ਨਾਮ ਹੋਵੇ। ਖੰਡ ਤੇ ਵੀ ਵਾਹਿਗੁਰੂ ਜਪਿਆ ਹੋਵੇ, ਇੱਕ-ਇੱਕ ਗਿਲਾਸ ਤੇ ਵੀ ਪਹਿਲੀ ਪਉੜੀ ਜਪੀ ਹੋਵੇ, ਵੇਖੋ, ਫਿਰ ਕਿੰਨੀਆਂ ਖੁਸ਼ੀਆਂ ਮਿਲਦੀਆਂ ਹਨ। ਘੁੰਙਣੀਆਂ ਵੀ ਵੰਡਣੀਆਂ ਹੋਣ, ਪਿਤਾ ਜੀ ਦੇ ਦਿਹਾੜੇ ਤੇ ਇੱਕ-ਇੱਕ ਦਾਣੇ ਤੇ ਵਾਹਿਗੁਰੂ-ਵਾਹਿਗੁਰੂ ਜਪਿਆ ਹੋਵੇ। ਫਿਰ ਵੇਖੋ, ਕਿਵੇਂ ਖੁਸ਼ੀਆਂ ਮਿਲਦੀਆਂ ਹਨ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਦਾ ਨਸ਼ਾ ਲਗਾ ਲਓ। ਉਨ੍ਹਾਂ ਦੀ ਦਿਆਲਤਾ, ਕਿਰਪਾਲਤਾ ਅੱਗੇ, ਤੁਹਾਡਾ ਮਨ ਵਿਕ ਜਾਵੇ। ਤੁਸੀਂ ਇਹੋ ਜਿਹਾ ਪਿਆਰ ਕਰੋ:

***ਮਾਰੂ ਮਹਲਾ ੧ ॥***
***ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥***
***ਗੁਰ ਕੀ ਬਚਨੀ ਹਾਟਿ ਬਿਕਾਨਾ***
***ਜਿਤੁ ਲਾਇਆ ਤਿਤੁ ਲਾਗਾ ॥੧॥***
*(ਅੰਗ ੯੯੧)*

ਆਓ ਜੀ, ਜਿਹੜਾ ਪ੍ਰਕਰਨ ਚੱਲ ਰਿਹਾ ਹੈ, ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ। ਤੇਰ੍ਹਵਾਂ ਭਾਗ- ਮਾਤਾ ਸਾਹਿਬ ਕੌਰ ਜੀ ਦੇ ਹੁਣ ਇਸ ਭਾਗ ਵਿੱਚ ਦਰਸ਼ਨ ਕਰਨੇ ਹਨ। ਪਹਿਲਾਂ ਜਿਹੜੇ ਸ਼ਬਦ ਨੂੰ ਆਧਾਰ ਬਣਾਇਆ ਹੈ, ਕਿਰਪਾ ਕਰਿਓ ਜੀ:

***ਮ: ੧॥***
***ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥***
***ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥***
***ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥***
***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***
***ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥***
***ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥***
***ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥***
***ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥***
*(ਅੰਗ ੪੭੩)*

ਸਾਰੀ ਸੰਗਤ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਆਰ ਸਤਿਕਾਰ ਵਿੱਚ ਗਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

## ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ:

ਇਸ ਪ੍ਰਕਰਨ ਦਾ ਮਤਲਬ, ਕੋਈ ਬੀਬੀ ਇਹ ਨਾ ਸੋਚੇ ਕਿ ਮੈਂ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ

ਚਰਨਾਂ ਦੀ ਦਾਸੀ ਨਹੀਂ ਬਣ ਸਕਦੀ। ਕੋਈ ਇਹ ਫੁਰਨਾ ਨਾ ਬਣਾਵੇ ਕਿ ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਮੈਨੂੰ ਪਿੱਛੇ ਰੱਖਿਆ ਹੈ। ਇਸ ਅੰਕ ਵਿੱਚ ਤੇਰ੍ਹਵਾਂ ਭਾਗ ਹੈ। ਪਹਿਲੇ ਭਾਗ ਵਿੱਚ ਆਪ ਜੀ ਨੇ ਬੀਬੀ ਵੀਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਸਨ। ਦੂਸਰੇ ਭਾਗ ਵਿੱਚ ਆਪ ਜੀ ਨੇ ਮਾਤਾ ਭਿਰਾਈ ਜੀ ਦੇ ਜੀਵਨ ਦੇ ਦਰਸ਼ਨ ਕੀਤੇ। ਤੀਸਰੇ ਭਾਗ ਵਿੱਚ ਮਾਤਾ ਖੀਵੀ ਜੀ, ਚੌਥੇ ਭਾਗ ਵਿੱਚ ਬੀਬੀ ਭਾਨੀ ਜੀ, ਪੰਜਵੇਂ ਭਾਗ ਵਿੱਚ ਬੇਬੇ ਨਾਨਕੀ ਜੀ, ਛੇਵੇਂ ਭਾਗ ਵਿੱਚ ਮਾਤਾ ਗੰਗਾ ਜੀ, ਸੱਤਵੇਂ ਭਾਗ ਵਿੱਚ ਮਾਤਾ ਸੁਲੱਖਣੀ ਜੀ, ਅੱਠਵੇਂ ਭਾਗ ਵਿੱਚ ਬੀਬੀ ਰਾਮੋ ਜੀ, ਨੌਵੇਂ ਭਾਗ ਵਿੱਚ ਬੀਬੀ ਕੌਲਾਂ ਜੀ, ਦਸਵੇਂ ਭਾਗ ਵਿੱਚ ਬੀਬੀ ਦੇਸਾਂ ਜੀ, ਗਿਆਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਗੁਜਰ ਕੌਰ ਜੀ, ਬਾਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਪਿਛਲੀ ਵਾਰੀ ਆਪਾਂ ਪੂਰਾ ਨਹੀਂ ਸੀ ਕਰ ਸਕੇ। ਜਾਂ ਇਹ ਕਹਿ ਲਈਏ, ਸ਼ੁਰੂਆਤ ਹੀ ਹੋਈ ਸੀ। ਹੁਣ ਇਸ ਅੰਕ ਵਿੱਚ ਤੇਰ੍ਹਵੇਂ ਭਾਗ ਦੀ ਵਾਰੀ ਹੈ। ਦਾਸ ਗੁਰੂ ਸਾਹਿਬ ਜੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ, ਪਿਛਲੀ ਵਾਰੀ ਆਪ ਜੀ ਨੇ ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦੇ ਸੁਭਾਅ ਦੇ ਪੰਜ ਗੁਣਾਂ ਬਾਰੇ ਪੜ੍ਹਿਆ ਸੀ। ਦਾਸ ਨੂੰ ਇੰਨੇ ਫੋਨ ਆਏ ਕਿ ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦੇ ਪੰਜ ਗੁਣ ਪੜ੍ਹ ਕੇ ਸਾਡੇ ਘਰ ਦੀ ਕਾਇਆ ਹੀ ਪਲਟ ਗਈ ਹੈ। ਗੁਰੂ ਸਾਹਿਬ ਨੇ ਆਪਣੀ ਬਖਸ਼ਿਸ਼ ਨਾਲ ਕਿਰਪਾ ਕੀਤੀ ਹੈ। **ਮਾਤਾ ਸਾਹਿਬ ਕੌਰ ਜੀ ਦੇ ਸੁਭਾਅ ਦਾ ਪਹਿਲਾ ਗੁਣ ਸੀ, ਸੰਜਮੀ ਸਨ।** ਲੋਭ ਹੈ ਹੀ ਨਹੀਂ। **ਮਾਤਾ ਸਾਹਿਬ ਕੌਰ ਜੀ ਦੇ ਸੁਭਾਅ ਦਾ ਦੂਜਾ ਗੁਣ ਲਿਖਿਆ ਹੈ, ਹੱਸਮੁੱਖ ਚਿਹਰਾ।** ਕਲਪਨਾ ਹੈ ਹੀ ਨਹੀਂ। ਇਹੋ ਜਿਹਾ ਜੀਵਨ :

***ਸਾਧ ਕੈ ਸੰਗਿ ਨਹੀ ਕਛੁ ਘਾਲ ॥***
***ਦਰਸਨੁ ਭੇਟਤ ਹੋਤ ਨਿਹਾਲ ॥***

*(ਅੰਗ ੨੭੨)*

ਬਖਸ਼ਿਆ ਹੋਇਆ ਸਾਹਮਣੇ ਆ ਜਾਵੇ, ਕਈ ਵਾਰੀ ਉਸ ਦੇ ਦਰਸ਼ਨ ਕਰਕੇ ਹੀ ਕਹਿੰਦੇ ਹਨ, ਅੰਦਰ ਖੇੜਾ ਆ ਜਾਂਦਾ ਹੈ। **ਮਾਤਾ ਸਾਹਿਬ ਕੌਰ ਜੀ ਦੇ ਸੁਭਾਅ ਦਾ ਤੀਜਾ ਗੁਣ ਲਿਖਿਆ ਹੈ, ਮਿਲਾਪੜਾ ਸੁਭਾਅ।** ਹਰ ਕਿਸੇ ਨਾਲ ਮਿੱਠਾ ਬੋਲਣਾ। **ਚੌਥਾ ਇਤਿਹਾਸਕਾਰਾਂ ਨੇ ਲਿਖਿਆ ਹੈ, ਮਾਤਾ ਸਾਹਿਬ ਕੌਰ ਜੀ ਦੇ ਸੁਭਾਅ ਵਿੱਚ ਖਿਮਾਂ ਦਾ ਗੁਣ ਸੀ।**

***ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥***
***ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥੧੫੫***

*(ਅੰਗ ੧੩੭੨)*

ਕਹਿੰਦੇ ਜਿੱਥੇ ਖਿਮਾਂ ਹੋਵੇਗੀ, ਰੱਬ ਉੱਥੇ ਆਪ ਹੋਵੇਗਾ। ਕਿਸੇ ਫਕੀਰ ਨੇ ਕਿਹਾ ਸੀ, ਐ ਅੱਲ੍ਹਾ! ਫਲਾਣੇ ਬੰਦੇ ਦਾ ਮੈਂ ਕਦੋਂ ਤੱਕ ਲਿਹਾਜ਼ ਕਰੀ ਜਾਵਾਂ ਤੇ ਅੱਲ੍ਹਾ ਨੇ ਆਖਿਆ ਸੀ, ਜਦੋਂ ਤੱਕ ਮੈਂ ਤੇਰਾ ਲਿਹਾਜ਼ ਕਰੀ ਜਾਂਦਾ ਹਾਂ, ਤੂੰ ਉਸ ਦਾ ਲਿਹਾਜ਼ ਕਰੀ ਜਾ। ਮੈਂ ਵੀ ਤੇਰਾ ਲਿਹਾਜ਼ ਕਰ ਰਿਹਾ ਹਾਂ। ਭੁੱਲਾਂ ਤੂੰ ਵੀ ਕਰਦਾ ਹੈਂ ਤੇ ਮੈਂ ਵੀ ਤੇਰਾ ਲਿਹਾਜ਼ ਕਰਦਾ ਹਾਂ। ਜਦ ਤੱਕ ਮੈਂ ਤੇਰਾ ਲਿਹਾਜ਼ ਕਰੀ ਜਾਂਦਾ ਹਾਂ, ਤੂੰ ਅੱਗੋਂ ਕਰੀ ਜਾ। ਐ ਅੱਲ੍ਹਾ! ਫਲਾਣੇ ਬੰਦੇ ਨੂੰ ਮੈਂ ਕਦੋਂ ਤੱਕ ਮਾਫ ਕਰੀ ਜਾਵਾਂ। ਅੱਲ੍ਹਾ ਕਹਿੰਦਾ ਹੈ, ਜਦ ਤੱਕ ਮੈਂ ਤੈਨੂੰ ਮਾਫ ਕਰੀ ਜਾਂਦਾ ਹਾਂ, ਤੂੰ ਅੱਗੋਂ ਵੀ ਕਰੀ ਜਾ। ਆਹ ਹੈ ਖਿਮਾਂ ਵਾਲਾ ਸੁਭਾਅ। **ਮਾਤਾ ਸਾਹਿਬ ਕੌਰ ਜੀ ਦੇ ਸੁਭਾਅ ਦਾ ਪੰਜਵਾਂ ਗੁਣ ਸੀ ਮਾਤਾ ਜੀ ਬਚਪਨ ਤੋਂ ਹੀ ਬੰਦਗੀ ਦੀ ਮੂਰਤ ਸਨ।** ਹੁਣ ਅੱਗੋਂ ਸਤਿਗੁਰੂ ਜੀ ਸੇਵਾ ਲੈਣ। ਸਾਰੀ ਸੰਗਤ ਪੜ੍ਹੋ ਪਿਆਰ ਨਾਲ :

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

ਸਾਰੀ ਸੰਗਤ ਗਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ। ਮਾਤਾ ਸਾਹਿਬ ਕੌਰ ਜੀ, ਉਮਰ 8-9 ਸਾਲ। ਸੀਸ ਝੁਕਾਇਓ, ਇੰਨੇ ਸਾਧਨ ਵੀ ਨਹੀਂ ਸੀ ਪਰ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ 8-9 ਸਾਲ ਦੀ ਉਮਰ ਵਿੱਚ ਮਾਤਾ ਸਾਹਿਬ ਕੌਰ ਜੀ ਨੂੰ ਜਪੁਜੀ ਸਾਹਿਬ ਦੀ ਬਾਣੀ ਜ਼ਬਾਨੀ ਕੰਠ ਹੋ ਗਈ ਸੀ। ਦੂਜਾ ਲਿਖਿਆ ਹੈ, ਰਹਰਾਸਿ ਸਾਹਿਬ ਦੀ ਬਾਣੀ ਵੀ ਜ਼ਬਾਨੀ ਕੰਠ। ਤੀਜਾ ਲਿਖਿਆ ਹੈ, ਸੋਹਿਲਾ ਸਾਹਿਬ ਦੀ ਬਾਣੀ ਵੀ ਕੰਠ। ਚੌਥਾ ਲਿਖਿਆ ਹੈ, ਕੁਝ ਸ਼ਬਦ ਗੁਰਬਾਣੀ ਵਿੱਚੋਂ ਕੰਠ। ਇਹ ਸਾਰੀਆਂ ਬਾਣੀਆਂ ਮਾਤਾ ਸਾਹਿਬ ਕੌਰ ਜੀ ਨੂੰ 8-9 ਸਾਲ ਦੀ ਉਮਰ ਵਿੱਚ ਜ਼ਬਾਨੀ ਕੰਠ। ਹੋਰ ਲਿਖਿਆ ਹੈ, ਮਾਤਾ ਸਾਹਿਬ ਕੌਰ ਜੀ ਦੇ ਘਰ ਕੋਲ ਜਿਹੜਾ ਅਸਥਾਨ ਧਰਮਸਾਲ ਸੀ, ਮਾਤਾ ਜੀ ਬਚਪਨ ਵਿੱਚ ਹੀ ਗੁਰਦੁਆਰਾ ਸਾਹਿਬ ਜਾ ਕੇ ਇਹ ਬਾਣੀ ਉੱਚੀ ਪੜ੍ਹਨੀ, ਉੱਚੀ ਬੋਲਣੀ। ਤੁਸੀਂ ਪਿਛਲੀ ਵਾਰੀ ਪੜ੍ਹਿਆ ਹੈ, ਰੋਹਤਾਸ ਜ਼ਿਲ੍ਹਾ ਜੇਹਲਮ। ਜਿਹੜੇ ਪਿੱਛੋਂ ਪਾਕਿਸਤਾਨ ਤੋਂ ਹਨ, ਉਨ੍ਹਾਂ ਨੂੰ ਪਤਾ ਹੈ। ਦਾਸ ਦੇ ਮਾਤਾ-ਪਿਤਾ ਵੀ ਪਿਛੋਂ ਪਾਕਿਸਤਾਨ ਤੋਂ ਹਨ, ਅਸੀਂ ਤੇ ਸਾਡੇ ਵੱਡੇ ਮਰਦਾਨ ਦੇ ਹਨ। ਸੋ ਮਾਤਾ ਸਾਹਿਬ ਕੌਰ ਜੀ ਰੋਹਤਾਸ ਜੇਹਲਮ ਤੇ ਉੱਥੇ ਪੋਠੋਹਾਰ ਇਲਾਕਾ ਹੈ, ਉੱਥੋਂ ਦੇ ਸਨ। ਉਸ ਨੂੰ ਕਹਿੰਦੇ ਹਨ, ਪੋਠੋਹਾਰ ਦੀ ਸੰਗਤ। ਪੋਠੋਹਾਰ ਜਿਹੜਾ ਗੁਰਦੁਆਰਾ ਸਾਹਿਬ, ਮਾਤਾ ਸਾਹਿਬ ਕੌਰ ਜੀ ਨੇ ਰੋਜ਼ ਰੁਟੀਨ ਵਿੱਚ ਜਾਣਾ, ਜਪੁਜੀ ਸਾਹਿਬ ਦੀ ਬਾਣੀ ਉੱਚੀ ਪੜ੍ਹ ਕੇ ਸੁਣਾਉਣੀ। ਰਹਰਾਸਿ ਸਾਹਿਬ ਉੱਚੀ ਪੜ੍ਹ ਕੇ ਸੁਣਾਉਣੀ।



ਧੰਨ ਧੰਨ ਮਾਤਾ ਸਾਹਿਬ ਕੌਰ ਜੀ

ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਜਿਵੇਂ ਚੁੰਬਕ ਹੁੰਦੀ ਹੈ, ਆਪਣੇ ਆਪ ਵੱਲ ਖਿੱਚਦੀ ਹੈ, ਜਦੋਂ ਮਾਤਾ ਸਾਹਿਬ ਕੌਰ ਜੀ ਨੇ ਭਿੱਜ ਕੇ, 8-9 ਸਾਲ ਦੇ ਕਰੀਬ ਉਮਰ ਵਿੱਚ ਜਪੁਜੀ ਸਾਹਿਬ ਦੀ ਬਾਣੀ ਉੱਚੀ-ਉੱਚੀ ਪੜ੍ਹਨੀ ਤੇ ਕਹਿੰਦੇ ਹਨ ਕਿ ਸੁਣਨ ਵਾਲੇ ਤੇ ਐਸਾ ਅਸਰ ਹੋਣਾ ਜਿਵੇਂ ਉਸ ਨੇ ਗੁਰੂ ਵੱਲ ਖਿੱਚਿਆ ਹੀ ਜਾਣਾ। ਇਹ ਨਿਰਾ ਪੜ੍ਹਨ ਤੱਕ ਨਾ ਰਹਿਣਾ। ਚਾਰ ਚੀਜ਼ਾਂ ਦਾਸ ਨੇ ਦੱਸੀਆਂ ਹਨ। ਜਪੁਜੀ ਸਾਹਿਬ, ਰਹਰਾਸਿ ਸਾਹਿਬ, ਸੋਹਿਲਾ ਸਾਹਿਬ ਤੇ ਕੁਝ ਸ਼ਬਦ। ਪੰਜਵਾਂ ਲਿਖਿਆ ਹੈ, ਅੱਠ ਸਾਲ ਦੇ ਕਰੀਬ ਉਮਰ ਵਿੱਚ ਮਾਤਾ ਸਾਹਿਬ ਕੌਰ ਜੀ ਗੁਰਦੁਆਰਾ ਸਾਹਿਬ ਦੇ ਲੰਗਰ ਦੇ ਜੂਠੇ ਬਰਤਨ ਮਾਂਜਣ ਦੀ ਸੇਵਾ ਕਰਦੇ ਸਨ। ਆਪ ਹੱਥੀਂ ਸੇਵਾ। ਜਿਹੜੀਆਂ ਬਾਣੀਆਂ ਕੰਠ, ਇਹ ਸੰਗਤ ਨੂੰ ਉੱਚੀ ਬੋਲ ਕੇ ਸੁਣਾਉਣੀਆਂ। ਇਹੋ ਜਿਹਾ ਬੋਲਣ ਵਿੱਚ ਰਸ ਸੀ ਕਿ ਚੁੰਬਕ ਵਾਂਗ ਸਾਰਿਆਂ ਦਾ ਮਨ ਗੁਰੂ ਸਾਹਿਬ ਵੱਲ ਤੁਰੇ ਜਾਣਾ। ਅਸੀਂ ਲੋਹੇ ਹਾਂ, ਗੁਰੂ ਸਾਹਿਬ ਚੁੰਬਕ ਹਨ।

***ਸਤਿਗੁਰ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ ਮਲੀਣਾ ।***

***(ਵਾਰ: ੨੬, ਪਉੜੀ ੨੦)***

ਗੁਰੂ ਸਾਹਿਬ ਕਿਰਪਾ ਕਰਨ। ਅਸੀਂ ਮਨੂਰ

ਹਾਂ, ਮਨੂਰ ਕਹਿੰਦੇ ਹਨ, ਲੋਹੇ ਦੀ ਮੈਲ। ਉਹ ਨਦਰਿ ਕਰ ਦੇਵੇ ਤੇ ਫਿਰ ਕੰਚਨ।

ਜਦੋਂ ਮਾਤਾ ਜੀ ਨੇ ਬਾਣੀ ਸੁਣਾਉਣੀ ਤੇ ਜਿਸ ਨੇ ਬਾਣੀ ਸੁਣਨੀ, ਉਸ ਦਾ ਮਨ ਬਦੋਬਦੀ ਗੁਰੂ ਸਾਹਿਬ ਵੱਲ ਜੁੜਨਾ। ਪਿਛਲੇ ਦਿਨਾਂ ਵਿੱਚ ਅਸੀਂ ਦੁਬਈ ਗਏ। ਉੱਥੇ ਦੀਵਾਨਾਂ ਵਿੱਚ ਹਾਜ਼ਰੀ ਸੀ। ਜਸਵਿੰਦਰ ਸਿੰਘ ਹੁਰਾਂ ਦੇ ਘਰ ਉੱਥੇ ਰੁਕੇ। ਸ਼ਾਮ ਸੱਤ ਕੁ ਵਜੇ ਆਪਣੀ ਗੱਡੀ ਵਿੱਚ ਦਾਸ ਅਤੇ ਆਪਣੇ ਬਾਕੀ ਪਰਿਵਾਰ ਨੂੰ ਬਿਠਾ ਕੇ ਦੀਵਾਨ ਵਾਲੀ ਜਗ੍ਹਾ ਤੇ ਚੱਲ ਪਏ। ਉਹ ਗੱਡੀ ਚਲਾ ਰਹੇ ਸਨ ਤੇ ਸੱਤ ਕੁ ਵਜੇ ਦਾ ਟਾਈਮ ਸੀ ਤੇ ਪੌਣੇ ਘੰਟੇ ਦਾ ਰਾਹ ਸੀ। ਦਾਸ ਨੂੰ ਕਹਿਣ ਲੱਗੇ, ਗੱਡੀ ਵਿੱਚ ਰਹਰਾਸਿ ਸਾਹਿਬ ਦਾ ਪਾਠ ਕਰ ਲਈਏ। ਸਾਡੇ ਕੋਲ 45 ਮਿੰਟ ਹਨ ਤੇ ਰਹਰਾਸਿ ਸਾਹਿਬ ਦਾ ਪਾਠ ਦੀ ਹਾਜ਼ਰੀ ਲਗਾ ਲਈਏ। ਦਾਸ ਉਨ੍ਹਾਂ ਦੇ ਨਾਲ ਅੱਗੇ ਵਾਲੀ ਸੀਟ ਤੇ ਬੈਠਾ ਸੀ। ਦਾਸ ਨੂੰ ਕਹਿਣ ਲੱਗੇ ਕਿ ਰਹਰਾਸਿ ਸਾਹਿਬ ਕਰ ਲਈਏ ਤੇ ਦਾਸ ਨੂੰ ਪਹਿਲਾਂ ਤਜਰਬਾ ਸੀ, ਦਾਸ ਨੇ ਸੋਚਿਆ ਕਿ ਇਹ ਮੈਨੂੰ ਕਹੇਗਾ ਕਿ ਕਰੋ ਸ਼ੁਰੂ ਰਹਰਾਸਿ ਸਾਹਿਬ। ਪਰ ਜਿਹੜਾ ਇਸ ਨੇ ਆਪੇ ਕਿਹਾ ਹੈ ਕਿ ਕਰ ਲਈਏ। ਸ਼ਾਇਦ ਇਹ ਆਪ ਸਰਵਣ ਕਰਾਵੇ। ਦਾਸ ਨੇ ਕਿਹਾ ਕਿ ਬਹੁਤ ਚੰਗਾ ਫੁਰਨਾ ਹੈ, ਰਹਰਾਸਿ ਸਾਹਿਬ ਕਰ ਲਈਏ। ਦਾਸ ਨੇ ਸੋਚਿਆ ਜਾਂ ਮੈਨੂੰ ਕਹੇਗਾ ਜਾਂ ਆਪ ਕਰੇਗਾ। ਦਾਸ ਦਾ ਸਿਰ ਝੁਕ ਗਿਆ, ਸਾਧ ਸੰਗਤ ਜੀ, ਸਾਢੇ ਚਾਰ ਸਾਲ ਦੇ ਬੱਚੇ ਨੇ ਤੇ ਅੱਠ ਸਾਲ ਦੀ ਬੱਚੀ ਨੇ ਦੋਵੇਂ ਹੱਥ ਜੋੜ ਲਏ। ਦੋਵੇਂ ਹੱਥ ਜੋੜ ਕੇ ਉੱਚੀ ਸਾਰੀ ਕੀ ਕਿਹਾ, ਸਤਿਗੁਰੂ ਜੀ! ਆਪਣੇ ਨਿਮਾਣੇ ਸਿੱਖਾਂ ਨੂੰ ਗੁਰਬਾਣੀ ਪੜ੍ਹਨ ਦੀ ਆਗਿਆ ਬਖਸ਼ੋ। ਦਾਸ ਹੈਰਾਨ ਹੋ ਗਿਆ। ਦੋਵੇਂ ਬੱਚੇ ਪਿਛਲੀ ਸੀਟ ਤੇ ਸੀ। ਜਸਵਿੰਦਰ ਸਿੰਘ ਬੱਚਿਆਂ ਦੇ ਪਿਤਾ ਆਪ ਗੱਡੀ ਚਲਾ ਰਹੇ ਸਨ। ਹੱਥ ਜੋੜ ਕੇ ਦੋਵੇਂ ਬੱਚੇ ਕਹਿੰਦੇ। ਕੁਝ ਸਿਖਾਇਆ ਹੋਣਾ ਹੈ। ਸਤਿਗੁਰੂ ਜੀ! ਆਪਣੇ ਨਿਮਾਣੇ ਸਿੱਖਾਂ ਨੂੰ ਗੁਰਬਾਣੀ ਪੜ੍ਹਨ ਦੀ ਆਗਿਆ ਬਖਸ਼ੋ। ਉਹ ਸਾਢੇ ਚਾਰ ਸਾਲ ਦਾ ਬੱਚਾ ਸ਼ੁਰੂ ਕਰ ਰਿਹਾ ਹੈ:

***ਹਰਿ ਜੁਗੁ ਜੁਗੁ ਭਗਤ ਉਪਾਇਆ***
***ਪੈਜ ਰਖਦਾ ਆਇਆ ਰਾਮ ਰਾਜੇ ॥***

*(ਅੰਗ ੪੫੧)*

ਦਾਸ ਨੇ ਸੋਚਿਆ ਕਿ ਅੱਗੋਂ ਅਸੀਂ ਪੜ੍ਹਾਂਗੇ ਪਰ ਉਹ 8 ਸਾਲ ਦੀ ਬੱਚੀ ਅਗਲੀ ਪੰਕਤੀ ਬੋਲਦੀ ਹੈ:

***ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥***

*(ਅੰਗ ੪੫੧)*

ਲੜਕਾ ਬੋਲਦਾ ਹੈ:

***ਅਹੰਕਾਰੀਆ ਨਿੰਦਕਾ ਪਿਠਿ ਦੇਇ***
***ਨਾਮਦੇਉ ਮੁਖਿ ਲਾਇਆ ॥***

*(ਅੰਗ ੪੫੧)*

ਅੱਗੋਂ ਫਿਰ ਬੱਚੀ ਬੋਲਦੀ ਹੈ:

***ਜਨ ਨਾਨਕ ਐਸਾ ਹਰਿ ਸੇਵਿਆ***
***ਅੰਤਿ ਲਏ ਛਡਾਇਆ ॥੪॥੧੩॥੨੦॥***

*(ਅੰਗ ੪੫੧)*

ਜ਼ਬਾਨੀ। ਅੱਗੋਂ ਬੱਚਾ ਬੋਲਦਾ ਹੈ:

***ਸਲੋਕ ਮ: ੧ ॥***
***ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥***

*(ਅੰਗ ੧੨੯੧)*

ਅੱਗੋਂ ਉਹ ਬੱਚੀ ਬੋਲਦੀ ਹੈ:

***ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥੧॥***

*(ਅੰਗ ੧੨੯੧)*

ਫਿਰ ਬੱਚਾ ਬੋਲਦਾ ਹੈ:

***ਮ: ੧***
***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥***

*(ਅੰਗ ੧੨੯੧)*

ਫਿਰ ਬੱਚੀ ਬੋਲਦੀ ਹੈ:

***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥੨॥***

*(ਅੰਗ ੧੨੯੧)*

ਹੁਣ ਸਾਢੇ ਚਾਰ ਸਾਲ ਦਾ ਬੱਚਾ ਬੋਲਦਾ ਹੈ:

***ਸਲੋਕੁ ਮਃ ੧ ॥***

***ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥***

*(ਅੰਗ ੪੬੯)*

ਬੱਚੀ ਬੋਲਦੀ ਹੈ:

***ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥੧॥***

ਸੰਗਤ ਜੀ, ਉਸ ਵੇਲੇ ਦਾਸ ਆਪਣੇ ਹਿਰਦੇ ਦੀ ਹਾਲਤ ਦਸ ਮਿੰਟ ਦੱਸ ਨਹੀਂ ਸਕਦਾ, ਚੁੰਬਕ ਵਾਲਾ ਕੰਮ ਹੀ ਹੋ ਗਿਆ। ਜਦੋਂ ਬੱਚੇ ਇਸ ਤਰ੍ਹਾਂ ਰਹਰਾਸਿ ਸਾਹਿਬ ਦਾ ਪਾਠ ਸੰਗਤੀ ਰੂਪ ਵਿੱਚ ਕਰ ਰਹੇ ਹਨ। ਤੁਹਾਨੂੰ ਵੀ ਸ਼ਾਇਦ ਅਸਰ ਹੋਇਆ ਹੋਵੇਗਾ। ਗਰੀਬ ਨਿਵਾਜ! ਕਦੀ ਇਹੋ ਜਿਹੀ ਵਾਰੀ ਸਾਡੇ ਘਰ ਵੀ ਆਵੇਗੀ। ਮਤਲਬ, ਪੰਦਰਾਂ ਮਿੰਟ ਇੰਨਾ ਅਨੰਦ। ਸੰਗਤੀ ਰੂਪ ਵਿੱਚ ਬੱਚਿਆ ਦੇ ਬੋਲ ਸੁਣ ਕੇ ਮਨ ਵਿੱਚ ਇੰਨੀ ਪ੍ਰਸੰਨਤਾ ਤੇ ਜਦੋਂ ਦਾਸ ਨੇ ਮਾਤਾ ਸਾਹਿਬ ਕੌਰ ਜੀ ਦੇ ਇਤਿਹਾਸ ਵਿੱਚ ਅਲੱਗ-ਅਲੱਗ ਰਾਈਟਰਾਂ ਦੀ ਸਟੱਡੀ ਕੀਤੀ ਤੇ ਉਹ ਪੜ੍ਹਦਿਆਂ ਹੀ ਮਾਤਾ ਸਾਹਿਬ ਕੌਰ ਜੀ ਰਹਰਾਸਿ ਸਾਹਿਬ ਦਾ ਪਾਠ ਗੁਰਦੁਆਰਾ ਪੋਠੋਹਾਰ ਸਾਹਿਬ, ਰੋਹਤਾਸ (ਜ਼ਿਲ੍ਹਾ ਜੇਹਲਮ) ਧਰਮਸਾਲ ਜਾ ਕੇ ਉੱਚੀ-ਉੱਚੀ ਕਰਦੇ ਸੀ ਤੇ ਸੰਗਤਾਂ ਦਾ ਚੁੰਬਕ ਵਾਂਗੂੰ ਗੁਰੂ ਦੇ ਨੇੜੇ ਮਨ ਹੋਈ ਜਾਂਦਾ ਸੀ ਤੇ ਦਾਸ ਨੂੰ ਮਾਤਾ ਜੀ ਦਾ ਇਤਿਹਾਸ ਪੜ੍ਹਦਿਆਂ ਆਪਣਾ ਸੀਨ ਯਾਦ ਆ ਗਿਆ ਕਿ ਵਾਕਿਆ ਹੀ ਸਾਢੇ ਚਾਰ ਸਾਲ ਤੇ ਅੱਠ ਸਾਲ ਦੇ ਬੱਚੇ ਜੁੜ ਕੇ ਬਾਣੀ ਪੜ੍ਹਨ ਤੇ ਬਦੋਬਦੀ ਮਨ ਗੁਰੂ ਵੱਲ ਤੁਰਿਆ ਆਉਂਦਾ ਹੈ। ਅੱਜ ਅਰਦਾਸ ਕਰੋ ਮਾਤਾ ਸਾਹਿਬ ਕੌਰ ਜੀ ਅੱਗੇ ਕਿ ਮਾਤਾ ਜੀ ਦਸ ਵੀਹ ਪੈਸੇ ਸਾਡੇ ਬੱਚਿਆਂ ਨੂੰ ਵੀ ਇਸ ਤਰ੍ਹਾਂ ਹੀ ਰਹਰਾਸਿ ਸਾਹਿਬ ਕਰਨ ਦਾ ਰੰਗ ਲੱਗ ਜਾਵੇ। ਸਾਡੇ ਬੱਚਿਆਂ ਨੂੰ ਵੀ ਜਪੁਜੀ ਸਾਹਿਬ ਦੀ ਬਾਣੀ ਦਾ ਰੰਗ ਲੱਗ ਜਾਵੇ। ਗੁਰੂ ਸਾਹਿਬ ਵੱਲੋਂ ਉਚਾਰਨ ਕੀਤੀਆਂ ਬਾਣੀਆਂ ਦਾ ਰੰਗ ਲੱਗ ਜਾਵੇ। ਇੱਕ ਵਾਰੀ ਪੜ੍ਹੋ ਸਾਰੇ ਜੀ:

***ਦੀਨ ਦਇਆਲ ਭਰੋਸੇ ਤੇਰੇ ॥***

***ਸਭੁ ਪਰਵਾਰੁ ਚੜਾਇਆ ਬੇੜੇ ॥੧॥ ਰਹਾਉ ॥***

*(ਅੰਗ ੩੩੭)*

***ਸੁਖੀ ਬਸੈ ਮੋਰੋ ਪਰਿਵਾਰਾ ॥***

***ਸੇਵਕ ਸਿਖ੍ਯ ਸਭੈ ਕਰਤਾਰਾ ॥੨॥***

*(ਚੌਪਈ ਸਾਹਿਬ)*

ਯੁੱਗ ਆ ਗਿਆ ਹੈ, ਮੋਬਾਇਲਾਂ ਦਾ। ਯੁੱਗ ਆ ਗਿਆ ਹੈ, ਬਹੁਤ ਅਜੀਬ। ਕਿਰਪਾ ਕਰਨੀ, ਸਾਡੇ ਪਰਿਵਾਰਾਂ ਨੂੰ ਜਪੁਜੀ ਸਾਹਿਬ ਨਾਲ ਜੋੜ ਕੇ ਰੱਖਣਾ। ਕਿਰਪਾ ਕਰਨੀ, ਸਾਡੇ ਪਰਿਵਾਰਾਂ ਨੂੰ ਇਹ ਨਾ ਹੋਵੇ ਰਹਰਾਸਿ ਸਾਹਿਬ ਵੇਲੇ, ਸਾਡੇ ਬੱਚੇ ਪਿਕਚਰਾਂ ਵੇਖਣ ਜਾਂ ਸੀਰੀਅਲ ਵੇਖਣ। ਸਾਡੇ ਪਰਿਵਾਰਾਂ ਨੂੰ ਰਹਰਾਸਿ ਸਾਹਿਬ ਨਾਲ ਜੋੜ ਕੇ ਰੱਖਣਾ।

***ਦੀਨ ਦਇਆਲ ਭਰੋਸੇ ਤੇਰੇ ॥***

***ਸਭੁ ਪਰਵਾਰੁ ਚੜਾਇਆ ਬੇੜੇ ॥੧॥ ਰਹਾਉ ॥***

*(ਅੰਗ ੩੩੭)*

ਇਹ ਉਮਰ ਸੀ, ਅੱਠ ਸਾਲ ਦੇ ਕਰੀਬ। ਜਿਹੜੇ ਤੁਸੀਂ ਸੁਭਾਅ ਦੇ ਗੁਣ ਸੁਣੇ ਹਨ, ਇਹ ਉਮਰ ਸੀ, ਤੇਰ੍ਹਾਂ-ਚੌਦਾਂ ਸਾਲ ਦੇ ਕਰੀਬ। ਹੁਣ ਮਾਤਾ ਜੀ ਹੋਰ ਵੱਡੇ ਹੋ ਗਏ, ਪੰਦਰਾਂ ਸਾਲ ਤੋਂ ਉੱਪਰ। ਪਿਤਾ ਜੀ ਵਰ ਲੱਭਣ ਲੱਗੇ। ਹੁਣ ਜੋ ਰਾਈਟਰਾਂ ਨੇ ਲਿਖਿਆ ਹੈ, ਉਹ ਦਾਸ ਆਪ ਜੀ ਅੱਗੇ ਰੱਖ ਰਿਹਾ ਹੈ। ਮਾਤਾ ਸਾਹਿਬ ਕੌਰ ਜੀ ਨੇ ਇਕੱਲੇ ਪਿਤਾ ਜੀ ਨੂੰ ਦੱਸਿਆ, ਉਹ ਕੀ ਦੱਸਿਆ? ਦਸ਼ਮੇਸ਼ ਪਿਤਾ ਜੀ ਨੇ ਪਿਛਲੇ ਜਾਮੇ ਵਿੱਚ ਜਪ-

ਤਪ ਤੇ ਬੰਦਗੀ ਕੀਤੀ ਹੈ, ਜਦੋਂ ਜਪ-ਤਪ ਬੰਦਗੀ ਕਰ ਰਹੇ ਸੀ, ਅਸੀਂ ਵੀ ਰਿਖੀਆਂ ਦੇ ਰੂਪ ਵਿੱਚ ਉਨ੍ਹਾਂ ਦੇ ਨਾਲ ਹੀ ਸੀ। ਇਹ ਰਾਈਟਰਾਂ ਨੇ ਲਿਖਿਆ ਹੈ, ਇਕੱਲੇ ਪਿਤਾ ਜੀ ਨੂੰ ਦੱਸਿਆ ਕਿ ਅਸੀਂ ਰਿਖੀ ਦੇ ਰੂਪ ਵਿੱਚ ਸੀ, ਉਦੋਂ ਔਰਤ ਦੇ ਰੂਪ ਵਿੱਚ ਨਹੀਂ ਸੀ, ਰਿਖੀ ਦੇ ਰੂਪ ਵਿੱਚ ਨਾਲ ਹੀ ਸੀ। ਬੰਦਗੀ ਕਰਦਿਆਂ, ਤਪ ਕਰਦਿਆਂ ਸਾਨੂੰ ਗਿਆਨ ਹੋ ਗਿਆ। ਕੀ ਗਿਆਨ ਹੋ ਗਿਆ? ਦਸਵੇਂ ਪਾਤਸ਼ਾਹ ਜੀ ਨੇ ਮਾਤ ਲੋਕ ਵਿੱਚ ਖਾਲਸੇ ਦੀ ਸਾਜਨਾ ਕਰਨੀ ਹੈ। ਅਸੀਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਅਸੀਂ ਵੀ ਦੇਖਣਾ ਚਾਹੁੰਦੇ ਹਾਂ। ਜਦੋਂ ਤੁਸੀਂ ਖਾਲਸੇ ਦੀ ਸਾਜਨਾ ਕਰੋ ਤੇ ਅਸੀਂ ਵੀ ਦੇਖਣਾ ਚਾਹੁੰਦੇ ਹਾਂ।

ਇਤਿਹਾਸਕਾਰਾਂ ਨੇ ਇੱਥੋਂ ਤੱਕ ਲਿਖਿਆ ਹੈ ਕਿ ਮਾਤਾ ਸਾਹਿਬ ਕੌਰ ਜੀ ਨੇ ਆਪਣਾ ਪਹਿਲਾ ਜੀਵਨ ਦੱਸਿਆ ਕਿ ਅਸੀਂ ਵੀ ਦੇਖਣਾ ਚਾਹੁੰਦੇ ਹਾਂ ਤੇ ਵਿੱਚ ਹੱਥ ਵਟਾਉਣਾ ਚਾਹੁੰਦੇ ਹਾਂ, ਖਾਲਸੇ ਦੀ ਸਾਜਨਾ ਵਿੱਚ। ਸਾਨੂੰ ਉਦੋਂ ਪਿਛਲੇ ਜਾਮੇ ਵਿੱਚ ਦਸ਼ਮੇਸ਼ ਪਿਤਾ ਜੀ ਨੇ ਆਖਿਆ, ਤੁਸੀਂ ਸਾਡੇ ਹੀ ਹੋਵੋਗੇ। ਤੁਹਾਡਾ ਜਨਮ ਸਿੱਖੀ ਦੇ ਮਹਿਲਾਂ ਵਿੱਚ ਹੋਵੇਗਾ। ਸੇਵਾ ਵੀ ਲਵਾਂਗੇ। ਫਿਰ ਦੱਸਿਆ, ਪਿਛਲੇ ਜਨਮ ਦਾ ਗਿਆਨ ਹੋਣ ਕਰਕੇ, ਪਿਤਾ ਜੀ, ਮੇਰਾ ਵਰ ਨਾ ਲੱਭੋ। ਮੈਂ ਰੋਜ਼ ਅਰਦਾਸਾਂ ਕਰਦੀ ਹਾਂ ਕਿ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਰਹਾਂ।

ਪਿਤਾ ਜੀ ਨੇ ਪੋਠੋਹਾਰ ਦੀ ਸੰਗਤ ਨਾਲ ਸਲਾਹ ਕੀਤੀ ਕਿ ਕਿਵੇਂ ਕਰੀਏ? ਉਹ ਸਾਰੀ ਸੰਗਤ ਪੋਠੋਹਾਰ ਦੀ, ਪਿਤਾ ਜੀ ਤੇ ਮਾਤਾ ਸਾਹਿਬ ਕੌਰ ਜੀ ਸ੍ਰੀ ਅਨੰਦਪੁਰ ਸਾਹਿਬ ਗਏ। ਦਾਸ ਇਸ਼ਾਰਾ ਹੀ ਦੇ ਰਿਹਾ ਹੈ। ਜਦੋਂ ਸ੍ਰੀ ਅਨੰਦਪੁਰ ਸਾਹਿਬ ਗਏ ਤੇ ਪਿਤਾ ਜੀ ਨੇ ਬੇਨਤੀ ਕੀਤੀ ਕਿ ਸਾਹਿਬ ਦੇਵਾਂ ਦਾ ਡੋਲਾ ਕਬੂਲ ਕਰੋ। ਅੱਗੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, ਅਸੀਂ ਗ੍ਰਹਿਸਥੀ ਜੀਵਨ ਦੀ ਮਰਿਆਦਾ ਪੂਰੀ ਕਰ ਚੁੱਕੇ ਹਾਂ। ਹੁਣ ਅਸੰਭਵ ਹੈ। ਰਾਈਟਰਾਂ ਨੇ ਲਿਖਿਆ ਹੈ, ਪਿਤਾ ਜੀ ਨੇ ਫਿਰ ਬੇਨਤੀ ਕੀਤੀ ਕਿ ਕਿਰਪਾ ਕਰਕੇ ਮਹਿਲਾਂ ਵਿੱਚ ਜਗ੍ਹਾ ਦਿਓ। ਸਾਹਿਬ ਦੇਵਾਂ ਨੂੰ ਮਹਿਲਾਂ ਵਿੱਚ ਜਗ੍ਹਾ ਦਿਓ।

ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਵਾਬ ਦਿੱਤਾ, ਪਰਮੇਸ਼ਰ ਦਾ ਭਜਨ ਕਰਕੇ, ਬੜੇ ਧਿਆਨ ਨਾਲ ਜਵਾਬ ਸੁਣਨਾ, ਅੰਦਰ ਕੋਈ ਹੋਰ ਚੀਜ਼ ਨਾ ਆਵੇ। ਪਰਮੇਸ਼ਰ ਦਾ ਭਜਨ ਕਰਕੇ, ਪਰਮ ਪਦ ਪਾਉਣਾ ਚਾਹਵੇ ਤਾਂ ਸਾਹਿਬ ਦੇਵਾਂ ਨੂੰ ਫਿਰ ਛੱਡ ਜਾਓ ਪਰ ਗ੍ਰਹਿਸਥੀ ਦੀ ਮਰਿਆਦਾ ਪੂਰੀ ਕਰ ਚੁੱਕੇ ਹਾਂ। ਧਿਆਨ ਦੇਣਾ। ਅੱਗੇ ਲਿਖਿਆ ਹੈ ਕਿ ਮਾਤਾ ਸਾਹਿਬ ਕੌਰ ਜੀ ਸਵਾ ਪਹਿਰ ਰਾਤ ਰਹਿੰਦੀ ਸੀ ਤੇ ਉੱਠ ਪੈਂਦੇ ਸੀ। ਦਾਸ ਨੇ ਅੰਦਾਜ਼ਾ ਲਗਾਇਆ, ਇੱਕ ਪਹਿਰ ਹੁੰਦਾ ਹੈ, ਤਿੰਨ ਘੰਟੇ ਦਾ ਤੇ ਸਵਾ ਪਹਿਰ ਹੋ ਗਿਆ, ਪੌਣੇ ਚਾਰ ਘੰਟੇ। ਦਾਸ ਦਾ ਖਿਆਲ ਹੈ ਕਿ ਜਦੋਂ ਸੂਰਜ ਦੀ ਟਿੱਕੀ ਨਿਕਲਦੀ ਹੈ, ਉਦੋਂ ਕਹਿੰਦੇ ਹਨ ਕਿ ਦਿਨ ਚੜ੍ਹਿਆ ਹੈ। ਹੁਣ ਜੇ ਸੂਰਜ ਪੰਜ ਵਜੇ ਦੇ ਕਰੀਬ ਨਿਕਲਦਾ ਹੈ, ਪੰਜ ਵਿੱਚੋਂ ਪੌਣੇ ਚਾਰ ਘੰਟੇ ਘਟਾ ਲਓ ਤੇ ਮਾਤਾ ਜੀ ਦਾ ਇੱਕ ਵਜੇ ਦੇ ਕਰੀਬ ਨੇਮ ਸੀ, ਉੱਠਣ ਦਾ। ਇਸ ਪ੍ਰਕਰਨ ਦਾ ਇਹੀ ਮਕਸਦ ਹੈ, ਇਹੀ ਗੁਣ ਵਿੱਚੋਂ ਲੈਣੇ ਹਨ। ਜਿਹੜਾ ਪੜ੍ਹਿਆ ਹੈ, ਪੰਜਵਾਂ ਗੁਣ, ਬੰਦਗੀ ਦੀ ਮੂਰਤ। ਇੱਕ ਵਜੇ ਦੇ ਕਰੀਬ ਉੱਠਣਾ, ਬਾਣੀ ਤੇ ਸਿਮਰਨ ਦਾ ਅਭਿਆਸ ਕਰਨਾ ਤੇ ਅੰਨ ਦਾ ਦਾਣਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸ਼ਨ ਕਰਨ ਤੋਂ ਬਾਅਦ ਮੁੱਖ ਨੂੰ ਲਗਾਉਣਾ। ਦੇਖ ਲਓ ਸਾਡੇ ਮਾਤਾ ਜੀ ਦਾ ਚੌਕੜਾ

ਜਿਨ੍ਹਾਂ ਨੂੰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਹ ਬਚਨ ਦਿੱਤਾ, ਖਾਲਸਾ ਪੁੱਤਰ, ਮੈਂ ਤੇਰੀ ਝੋਲੀ ਪਾਇਆ। ਦੂਜੀ ਜ਼ਿੰਮੇਵਾਰੀ, ਅਸੀਂ ਨਿਭਾਅ ਚੁੱਕੇ ਹਾਂ। ਖਾਲਸਾ ਪੁੱਤਰ ਝੋਲੀ ਪਾਇਆ। ਇੰਨਾ ਮਾਣ, ਇੰਨਾ ਪਿਆਰ ਸੀ ਕਿ ਇਤਨਾ ਨੇਮ ਤੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸ਼ਨ ਕਰਕੇ ਅੰਨ ਦਾ ਦਾਣਾ ਮੁੱਖ ਨੂੰ ਲਗਾਉਣਾ। ਇਸ ਤੇ ਕੋਈ ਸ਼ੱਕ ਨਾ ਕਰੇ। ਸੂਰਜ ਪ੍ਰਕਾਸ਼ ਤੇ ਹੋਰ ਸਾਡੇ ਇਤਿਹਾਸਿਕ ਗ੍ਰੰਥ ਹਨ, ਜਿਨ੍ਹਾਂ ਵਿੱਚ ਪੰਕਤੀ ਦਰਜ ਹੈ। ਮੰਨ ਲਓ ਜਿਸ ਦਿਨ ਮਾਤਾ ਸਾਹਿਬ ਕੌਰ ਜੀ ਨੂੰ ਕਲਗੀਧਰ ਪਿਤਾ ਜੀ ਦੇ ਦਰਸ਼ਨ ਨਹੀਂ ਹੋਏ ਤਾਂ ਇਸ ਬਾਰੇ ਪੰਕਤੀ ਹੈ :

***ਜੇ ਕਿਸੇ ਕਾਰਨ ਤੇ ਦਰਸ਼ਨ ਨਾ ਹੋਏ,***
***ਉਸ ਦਿਨ ਖਾਏ ਆਹਰ ਨ ਕੋਇ।***

ਦਾਸ ਨੇ ਇਹ ਇਤਿਹਾਸਿਕ ਗ੍ਰੰਥਾਂ ਦੀ ਪੰਕਤੀ ਤਾਂ ਸਰਵਣ ਕਰਵਾਈ ਕਿ ਇਹ ਕੋਈ ਧਾਰਨਾ ਨਹੀਂ। ਮਾਤਾ ਜੀ ਦਾ ਇੰਨਾ ਪਿਆਰ ਸੀ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਨਾਲ।

ਜਦੋਂ ਕਿਲ੍ਹਾ ਛੱਡਿਆ, ਮਾਤਾ ਸਾਹਿਬ ਕੌਰ ਜੀ, ਮਾਤਾ ਸੁੰਦਰੀ ਜੀ, ਭਾਈ ਮਨੀ ਸਿੰਘ ਜੀ ਨਾਲ ਦਿੱਲੀ ਆ ਗਏ। ਦੂਸਰੇ ਪਾਸੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੱਡੇ ਸਾਹਿਬਜ਼ਾਦੇ ਤੇ ਕੁਝ ਹੋਰ ਸਿੰਘਾਂ ਦੀ ਚਮਕੌਰ ਦੀ ਗੜ੍ਹੀ ਵਿੱਚ ਸ਼ਹਾਦਤ ਤੋਂ ਬਾਅਦ ਮਾਛੀਵਾੜੇ ਦੇ ਜੰਗਲ, ਰਾਏ ਕਲਾ, ਆਲਮਗੀਰ ਆਦਿ ਹੋਰ ਨਗਰਾਂ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਦਮਦਮਾ ਸਾਹਿਬ ਟਿਕਾਣਾ ਕੀਤਾ ਤੇ ਫਿਰ ਦਿੱਲੀ ਤੋਂ ਮਾਤਾ ਸਾਹਿਬ ਕੌਰ ਜੀ ਵੀ ਇੱਥੇ ਆਏ। ਮਾਤਾ ਜੀ ਨੇ ਸਾਬੋ ਕੀ ਤਲਵੰਡੀ ਆ ਕੇ ਇੰਨੀ ਗੱਲ ਕਹੀ, ਸਾਹਿਬਜ਼ਾਦੇ ਸ਼ਹੀਦ ਹੋ ਗਏ, ਸਿੱਖ ਪਿਆਰੇ ਸ਼ਹੀਦ ਹੋ ਗਏ, ਬੜਾ ਸ਼ੋਕ ਲੱਗਾ ਹੈ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕੀ ਜਵਾਬ ਦਿੱਤਾ? ਸੂਰਮਿਆਂ ਦੀ ਮਾਤਾ ਨੂੰ ਸ਼ੋਕ ਨਹੀਂ ਕਰਨਾ ਚਾਹੀਦਾ। ਜਿੰਨੇ ਸਿੰਘ ਤੇ ਸਾਹਿਬਜ਼ਾਦੇ ਹਨ, ਸੂਰਮਗਤੀ ਨੂੰ ਪ੍ਰਾਪਤ ਹੋਏ ਹਨ। ਇਸ ਬਾਰੇ ਕਈ ਰਾਈਟਰਾਂ ਨੇ ਲਿਖਿਆ ਹੈ ਕਿ ਦੋ ਲਾਈਨਾਂ ਮਹਾਰਾਜ ਜੀ ਨੇ ਫਿਰ ਉਦੋਂ ਉਚਾਰੀਆਂ ਸਨ :

***ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।***
***ਚਾਰ ਮੂਏ ਤੋ ਕਿਆ ਭਇਆ ਜੀਵਤ ਕਈ ਹਜ਼ਾਰ।***

ਵੇਖੋ! ਕਲਗੀਧਰ ਪਿਤਾ ਜੀ ਨੇ ਸਾਡੇ ਤੇ ਕਿੰਨੀ ਵੱਡੀ ਕਿਰਪਾ ਕੀਤੀ। ਕਲਗੀਧਰ ਪਿਤਾ ਜੀ ਕਹਿੰਦੇ, ਮੈਂ ਆਪਣੇ ਸਾਹਿਬਜ਼ਾਦੇ ਇਨ੍ਹਾਂ ਪੁੱਤਰਾਂ ਤੋਂ ਵਾਰ ਦਿੱਤੇ ਹਨ। ਕਿੰਨਾ ਮਾਣ ਬਖਸ਼ਿਆ ਸਾਨੂੰ। ਜਿਹੜੀ ਚੀਜ਼ ਕਿਸੇ ਤੋਂ ਵਾਰੀ ਜਾਵੇ, ਉਹ ਵੱਡੀ ਹੁੰਦੀ ਹੈ। ਇਹ ਨੋਟ ਕਰਿਓ। ਸਾਡੇ ਵਿੱਚ ਤਾਂ ਇਹ ਰਿਵਾਜ ਨਹੀਂ ਪਰ ਕਈ ਸ਼ਗਨ ਦੇਣ ਵੇਲੇ ਮਾਇਆ ਦੇ ਨੋਟ ਵਾਰਦੇ ਹਨ। ਆਹ ਮੈਂ ਆਪਣੇ ਬੱਚੇ ਤੋਂ ਵਾਰ ਕੇ ਦਿੰਦੀ ਹੈ। ਜਿਸ ਤੋਂ ਵਾਰਿਆ ਜਾ ਰਿਹਾ ਹੈ, ਉਹ ਵੱਡਾ ਹੈ। ਜਿਹੜੀ ਚੀਜ਼ ਵਾਰੀ ਜਾ ਰਹੀ ਹੈ, ਉਹ ਛੋਟੀ ਹੈ। ਮਹਾਰਾਜ ਜੀ ਨੇ ਸਾਹਿਬਜ਼ਾਦਿਆਂ ਨਾਲੋਂ ਆਪਣੇ ਪੰਥ ਨੂੰ ਮਹਾਨਤਾ ਦਿੱਤੀ ਹੈ। ਇਨ੍ਹਾਂ ਪੁੱਤਰਾਂ ਤੋਂ ਉਨ੍ਹਾਂ ਚਾਰਾਂ ਨੂੰ ਵਾਰ ਦਿੱਤਾ ਹੈ। ਹੁਣ ਸਾਰੇ ਆਪਣੇ ਵੱਲ ਝਾਤੀ ਮਾਰੋ ਕਿ ਸਾਡੇ ਤੋਂ ਕਿਤੇ ਕੇਸਾਂ ਦੀ ਬੇਅਦਬੀ ਤਾਂ ਨਹੀਂ ਹੋਈ, ਸਾਡੇ ਘਰ ਵਿੱਚ ਨਸ਼ੇ ਤਾਂ ਨਹੀਂ, ਸ਼ਰਾਬ ਤਾਂ ਨਹੀਂ। ਸਾਨੂੰ ਸੱਚੇ ਪਾਤਸ਼ਾਹ ਜੀ ਇੰਨਾ ਮਾਣ ਦੇ ਰਹੇ ਹਨ ਕਿ ਚਾਰ ਸਾਹਿਬਜ਼ਾਦਿਆਂ ਨੂੰ ਇਨ੍ਹਾਂ ਤੋਂ ਵਾਰ ਦਿੱਤਾ ਹੈ। ਅੱਜ ਕਲਗੀਧਰ ਪਿਤਾ ਜੀ ਤੁਹਾਡੀ ਦੂਜੀ ਹਾਲਤ ਵੇਖਣਗੇ ਤੇ ਕੀ ਕਹਿਣਗੇ। ਤੁਹਾਡੇ ਤੋਂ ਮੈਂ ਸਾਹਿਬਜ਼ਾਦਿਆਂ ਨੂੰ ਵਾਰਿਆ ਹੈ ਤੇ ਤੁਹਾਡੀ ਸਿੱਖੀ ਕਿੱਥੇ ਗਈ? ਇਹ ਦਾਸ ਨੇ ਸੰਖੇਪ ਜਿਹਾ ਇਸ਼ਾਰਾ ਹੀ ਦਿੱਤਾ ਹੈ।

ਹੁਣ ਅੱਗੇ ਆ ਜਾਓ। ਸਾਬੋ ਕੀ ਤਲਵੰਡੀ ਤੋਂ

ਮਾਤਾ ਜੀ ਫਿਰ ਦਿੱਲੀ ਆ ਗਏ। ਜਦੋਂ ਮਹਾਰਾਜ ਜੀ ਸ੍ਰੀ ਹਜ਼ੂਰ ਸਾਹਿਬ ਗਏ ਹਨ, ਫਿਰ ਮਾਤਾ ਜੀ ਵੀ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਗਏ। ਸੱਚਖੰਡ ਸ੍ਰੀ ਹਜ਼ੂਰ ਸਾਹਿਬ ਮਾਤਾ ਜੀ ਦਾ ਤਪ ਅਸਥਾਨ ਹੈ। ਉੱਥੇ ਜਿਹੜਾ ਜਿਸ ਨੇਮ ਬਾਰੇ ਆਪ ਜੀ ਨੇ ਪਿੱਛੇ ਪੜ੍ਹਿਆ ਹੈ, ਉਸੇ ਤਰ੍ਹਾਂ ਇੱਕ ਵਜੇ ਦੇ ਕਰੀਬ ਉੱਠਣਾ ਤੇ ਛੇ ਸਾਢੇ ਛੇ ਘੰਟੇ ਦਾ ਚੌਂਕੜਾ, ਮਾਤਾ ਸਾਹਿਬ ਕੌਰ ਜੀ ਦਾ ਤੇ ਉਸ ਤੋਂ ਬਾਅਦ ਕਲਗੀਧਰ ਪਿਤਾ ਜੀ ਦੇ ਦਰਸ਼ਨ ਕਰਨੇ ਅਤੇ ਫਿਰ ਰਸਨਾ ਨੂੰ ਅੰਨ ਦਾ ਦਾਣਾ ਲਗਾਉਣਾ। ਇਹ ਕਹਿਣਾ ਜਿੰਨਾ ਸੌਖਾ ਹੈ ਪਰ ਕਰਨਾ ਓਨਾ ਹੀ ਔਖਾ ਹੈ।

ਦਾਸ ਹਜ਼ੂਰ ਸਾਹਿਬ, ਨਾਂਦੇੜ ਗੋਦਾਵਰੀ ਦੇ ਕੰਢੇ ਮਾਤਾ ਸਾਹਿਬ ਕੌਰ ਜੀ ਦੇ ਤਪ ਅਸਥਾਨ ਵਿਖੇ ਸੁਭਾਇਮਾਨ ਗੁਰਦੁਆਰਾ ਸਾਹਿਬ ਦਰਸ਼ਨ ਕਰਕੇ ਆਇਆ ਹੈ। ਉੱਥੇ ਮਾਤਾ ਸਾਹਿਬ ਕੌਰ ਜੀ ਦਾ ਪ੍ਰਕਾਸ਼ ਦਿਹਾੜਾ ਬੜੇ ਵੱਡੇ ਲੈਵਲ ਤੇ ਮਨਾਇਆ ਜਾਂਦਾ ਹੈ। ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਕਹਿ ਰਿਹਾ ਹੈ, ਉੱਥੇ ਜਿਹੜਾ ਭੋਰਾ ਸਾਹਿਬ ਹੈ, ਮਾਤਾ ਸਾਹਿਬ ਕੌਰ ਜੀ ਦਾ ਜਿੱਥੇ ਤਪ ਕਰਦੇ ਸੀ। ਜ਼ਰੂਰ ਦਰਸ਼ਨ ਕਰਿਓ। ਸਾਧ ਸੰਗਤ ਜੀ, ਪਾਪੀ ਤੋਂ ਪਾਪੀ ਬੰਦੇ ਦੇ ਅੰਦਰ ਵੀ ਸਿਮਰਨ ਚੱਲ ਪਵੇਗਾ। ਇੰਨੀ ਵਾਇਬਰੇਸ਼ਨ ਨਾਮ ਦੀ ਹੈ। ਭੋਰੇ ਦੇ ਅੰਦਰ ਘੁੱਪ ਹਨੇ੍ਰਾ ਹੈ। ਦਾਸ ਨੇ ਜਦੋਂ ਮੋਬਾਇਲ ਦੀ ਬੈਟਰੀ ਜਗਾਈ ਤੇ ਬਖਸ਼ੀਆਂ ਰੂਹਾਂ ਚੌਂਕੜਾ ਮਾਰ ਕੇ ਬੈਠੀਆਂ ਸਨ, ਅਭਿਆਸ ਕਰ ਰਹੀਆਂ ਸਨ। ਦਾਸ ਆਪ ਦਰਸ਼ਨ ਕਰਕੇ ਆਇਆ ਹੈ। ਜਦੋਂ ਅਸੀਂ ਚੌਂਕੜਾ ਮਾਰ ਕੇ ਬੈਠੇ, ਸਾਨੂੰ ਵੀ ਅਗਲੇ ਪ੍ਰੋਗਰਾਮ ਭੁੱਲ ਗਏ। ਇੰਨਾ ਮਾਤਾ ਜੀ ਦੇ ਜਪ-ਤਪ ਦਾ ਪ੍ਰਭਾਵ ਹੈ। ਜਦੋਂ ਕਿਤੇ ਹਜ਼ੂਰ ਸਾਹਿਬ ਜਾਓਗੇ ਤੇ ਦਰਸ਼ਨ ਕਰਕੇ ਆਉਣਾ। ਹੁਣ ਤੱਕ ਉੱਥੇ ਲੰਗਰ ਚਲਦਾ ਹੈ ਜਿੱਥੇ ਮਹਾਰਾਜ ਜੀ ਆ ਕੇ ਲੰਗਰ ਛਕਦੇ ਸੀ। ਦਰਸ਼ਨ ਕਰਕੇ ਫਿਰ ਰਸਨਾ ਨੂੰ ਕੁਝ ਲਗਾਉਂਦੇ ਸੀ। ਮਹਾਰਾਜ ਜੀ ਨੇ ਫਿਰ ਉੱਥੇ ਕਿਹਾ ਸੀ ਕਿ ਹੁਣ ਤੁਸੀਂ ਦਿੱਲੀ ਚਲੇ ਜਾਓ। ਹੁਣ ਤਿਆਰੀਆਂ ਸੀ ਅਗਲੀਆਂ ਤੇ ਮਾਤਾ ਸਾਹਿਬ ਕੌਰ ਜੀ ਉਦਾਸ ਹੋ ਗਏ। ਮਾਤਾ ਜੀ ਨੇ ਹੱਥ ਜੋੜ ਕੇ ਕਿਹਾ ਕਿ ਆਪ ਜੀ ਦਾ ਹੁਕਮ ਮੇਰੇ ਸਿਰ ਮੱਥੇ ਹੈ ਪਰ ਸਾਡੇ ਨੇਮ ਦਾ ਕੀ ਬਣੇਗਾ। ਸਾਡਾ ਨੇਮ ਹੈ ਕਿ ਅਸੀਂ ਤੁਹਾਡੇ ਦਰਸ਼ਨ ਕਰਕੇ ਕੁਝ ਛੱਕਦੇ ਹਾਂ। ਫਿਰ ਉਸ ਸਮੇਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੰਜ ਸ਼ਸ਼ਤਰ ਦਿੱਤੇ। ਇੱਕ ਆਪਣੀ ਨਿੱਜੀ ਸ਼ਸ਼ਤਰਾਂ ਵਿੱਚੋਂ ਕਿਰਪਾਨ (ਮਹਾਰਾਜ ਜੀ ਦੇ ਅੰਗ-ਸੰਗ ਰਹਿਣ ਵਾਲੀ), ਇੱਕ ਖੰਜਰ, ਇੱਕ ਜਮਧਾਰ ਤੇ ਦੋ ਖੰਡੇ। ਇਹ ਸ਼ਸ਼ਤਰਾਂ ਦੇ ਨਾਂ ਹਨ।

ਇਹ ਪੰਜ ਸ਼ਸ਼ਤਰ, ਕਈ ਰਾਈਟਰਾਂ ਨੇ ਲਿਖਿਆ ਹੈ ਕਿ ਇਹ ਸ਼ਸ਼ਤਰ ਉਹ ਸਨ ਜਿਹੜੇ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਾਤਾ ਨਾਨਕੀ ਜੀ ਦੀ ਝੋਲੀ ਵਿੱਚ ਪਾਏ ਸੀ, ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੂੰ ਦੇਣ ਲਈ ਤੇ ਉਹ ਸ਼ਸ਼ਤਰ ਅਗਾਂਹ ਦੀ ਅਗਾਂਹ ਤੁਰੇ ਆ ਰਹੇ ਸੀ। ਇਹ ਸ਼ਸ਼ਤਰ ਅੱਜਕਲ੍ਹ ਗੁਰਦੁਆਰਾ ਮਾਤਾ ਸੁੰਦਰੀ ਜੀ, ਨਜ਼ਦੀਕ ਨਵੀਂ ਦਿੱਲੀ ਰੇਲਵੇ ਸਟੇਸ਼ਨ ਵਿਖੇ ਸੁਭਾਇਮਾਨ ਹਨ। ਕਈ ਕਹਿੰਦੇ ਹਨ ਕਿ ਧਿਆਨ ਨਹੀਂ ਧਰਨਾ ਚਾਹੀਦਾ। ਹੁਣ ਪੜ੍ਹੋ ਇਸ ਬਾਰੇ। ਜਦੋਂ ਮਾਤਾ ਜੀ ਨੇ ਬੇਨਤੀ ਕੀਤੀ ਸੀ ਕਿ ਤੁਹਾਡੇ ਦਰਸ਼ਨ ਕਰਕੇ ਕੁਝ ਛੱਕਦੇ ਹਾਂ। ਸਾਡੇ ਨੇਮ ਦਾ ਕੀ ਬਣੇਗਾ? ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਫਿਰ ਪੰਜ ਸ਼ਸ਼ਤਰ ਦਿੱਤੇ ਸੀ ਤੇ ਛੇਵੀਂ ਚੀਜ਼ ਹੈ, ਹੁਕਮਨਾਮੇ ਜਾਰੀ ਕਰਨ ਵਾਲੀ ਮੋਹਰ। ਮਾਤਾ ਜੀ ਨੂੰ ਇੰਨਾ ਮਾਣ। ਹੁਣ ਅਗਲਾ ਸਮਾਂ ਇਹੋ ਜਿਹਾ ਹੈ, ਤੁਹਾਨੂੰ ਹੁਕਮਨਾਮੇ ਜਾਰੀ ਕਰਨੇ ਪੈਣੇ ਹਨ, ਸਿੱਖ

ਕੌਮ ਦੇ ਨਾਮ। ਉਹ ਮੋਹਰ ਵੀ ਦਿੱਤੀ। ਪੰਜ ਸ਼ਸ਼ਤਰ ਵੀ ਦਿੱਤੇ ਤੇ ਨਾਲ ਬਚਨ ਕੀਤਾ, ਮਖਮਲੀ ਵਿਛਾਈ ਕਰਕੇ ਇਨ੍ਹਾਂ ਪੰਜਾਂ ਸ਼ਸ਼ਤਰਾਂ ਦਾ ਆਸਣ ਲਗਾ ਦੇਣਾ, ਅੱਗੇ ਪਰਦਾ ਕਰ ਦੇਣਾ, ਜਿੰਨੇ ਵਜੇ ਉੱਠਦੇ ਹੋ, ਇੱਕ ਵਜੇ, ਸਾਢੇ ਬਾਰਾਂ, ਸਵਾ ਇੱਕ ਜਿੰਨਾ ਚੌਕੜਾ ਮਾਰਦੇ ਹੋ, ਅਭਿਆਸ, ਸਿਮਰਨ, ਬਾਨੀ ਜਪ ਕੇ ਜਦੋਂ ਅਰਦਾਸ ਕਰਕੇ ਇਹ ਪਰਦਾ ਪਰ੍ਹੇ ਕਰਿਆ ਕਰੋਗੇ ਤੇ ਸ਼ਸ਼ਤਰਾਂ ਵਾਲੀ ਜਗ੍ਹਾ ਤੇ ਦਰਸ਼ਨ ਦਿਆ ਕਰਾਂਗੇ। ਮਹਾਰਾਜ ਜੀ ਨੇ ਸ਼ਸ਼ਤਰਾਂ ਨਾਲ ਇੰਨਾ ਪਿਆਰ ਕੀਤਾ ਹੈ। ਇੱਕ ਹੁਕਮਨਾਮਾ ਤੁਹਾਨੂੰ ਸੁਣਾਉਣਾ ਚਾਹੁੰਦੇ ਹਾਂ, ਜਿਹੜੇ ਹੁਕਮਨਾਮੇ ਮਾਤਾ ਜੀ ਨੇ ਜਾਰੀ ਕੀਤੇ ਹਨ। ਇੱਕ ਵਾਰੀ ਪੜ੍ਹ ਲਓ, ਸ਼ਸ਼ਤਰਾਂ ਨੂੰ ਇੰਨਾ ਮਾਣ ਦਿੱਤਾ ਹੈ:

***ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥***
***ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥***

ਪੀਰ ਕਿਸ ਨੂੰ ਕਹਿੰਦੇ ਹਨ, ਮੁਸਲਮਾਨ ਧਰਮ ਵਿੱਚ ਪੀਰ ਆ ਜਾਵੇ ਤੇ ਸਾਰੇ ਖੜ੍ਹੇ ਹੋ ਜਾਂਦੇ ਹਨ। ਪੀਰ ਨੂੰ ਸਤਿਕਾਰ ਦਿੱਤਾ ਹੈ। ਸ਼ਸ਼ਤਰਾਂ ਨੂੰ ਮਹਾਰਾਜ ਜੀ ਨੇ ਇੰਨਾ ਸਤਿਕਾਰ ਦਿੱਤਾ ਹੈ ਕਿ ਇਹ ਸਾਡੇ ਪੀਰ ਹਨ। ਮਹਾਰਾਜ ਜੀ ਨੇ ਕਿਹਾ ਕਿ ਸ਼ਸ਼ਤਰਾਂ ਦਾ ਆਸਣ ਲਗਾਉਣਾ। ਦਰਸ਼ਨ ਹੋਣਗੇ। ਹੁਣ ਸਮਾਪਤੀ ਕਰਨ ਲੱਗੇ ਹਾਂ। ਉਹ ਸਮਾਂ ਆਇਆ, ਕਲਗੀਧਰ ਪਿਤਾ ਜੀ ਜੋਤੀ ਜੋਤ ਸਮਾ ਗਏ। ਤੇ ਮਾਤਾ ਸਾਹਿਬ ਕੌਰ ਜੀ ਸਮਾਧੀ ਵਿੱਚ ਕਿੰਨਾ ਸਮਾਂ ਹੀ ਬੈਠੇ ਰਹੇ, ਦਿੱਲੀ ਵਿੱਚ ਵੈਰਾਗ। ਕਹਿੰਦੇ, ਇੱਕ ਪੋਥੀ ਜਿਹੜੀ ਕਿਸੇ ਵੇਲੇ ਮਹਾਰਾਜ ਜੀ ਨੇ ਬਖਸ਼ਸ਼ ਕੀਤੀ ਸੀ, ਉਸ ਵਿੱਚੋਂ ਪਾਠ ਕਰਨ ਲੱਗ ਪਏ ਤੇ ਬਾਣੀ ਦੁਆਰਾ ਗੱਲਾਂ ਕਰਨ ਲੱਗ ਪਏ। ਜਦੋਂ ਮਹਾਰਾਜ ਜੀ ਨੇ ਚੋਲਾ ਬਦਲਿਆ। ਇੱਕ ਹੁਕਮਨਾਮਾ ਮਾਤਾ ਜੀ ਦਾ, ਕਿਵੇਂ ਪੰਥ ਦੇ ਨਾਂ ਤੇ ਜਾਰੀ ਕਰਦੇ ਸੀ। ਉਹ ਬੋਲ ਕੇ ਤੇ ਫਿਰ ਸਮਾਪਤੀ ਹੈ।

ਇੱਕ ਹੁਕਮਨਾਮੇ ਦੀ ਬੋਲੀ ਬੋਲਣ ਲੱਗੇ ਹਾਂ, ਜਿਹੜੀ ਮੋਹਰ ਦਿੱਤੀ ਸੀ, ਇੰਨਾ ਸਤਿਕਾਰ ਮਾਣ। ਖਾਲਸੇ ਨਾਲ ਕਿੰਨਾ ਪਿਆਰ ਸੀ, ਇਹ ਹੁਕਮਨਾਮਾ ਲਿਖਿਆ ਹੈ, ਭਾਈ ਆਲਮ ਸਿੰਘ ਜੀ ਵੱਲ।

***ਖਾਲਸਾ ਗੁਰੂ ਰੱਖੇ।***

ਇਹ ਮਾਤਾ ਜੀ ਦੀ ਬੋਲੀ, ਹੁਕਮਨਾਮੇ ਦੀ:

***ਖਾਲਸਾ ਗੁਰੂ ਰੱਖੇ। ਗੁਰੂ ਗੁਰੂ ਜਪਣਾ, ਜਨਮ ਸੰਵਾਰਨਾ। ਮੇਰੀ ਬਹੁਤ ਖੁਸ਼ੀ ਹੈ। ਤੁਸੀਂ ਮੇਰੇ ਪੁੱਤ ਫਰਜ਼ੰਦ ਹੋ। ਗੁਰੂ ਪੂਰਾ ਸਾਡੀ ਦੇਗ ਤੇਗ ਫਤਹਿ ਕਰੇ। ਤੁਸਾਂ ਲੰਗਰ ਬਾਰੇ ਫਰਮਾਇਸ ਹੈ।***

ਕਿਸੇ ਇਲਾਕੇ ਵਿੱਚ ਲੰਗਰ ਬਾਰੇ ਗੱਲ ਕਰ ਰਹੇ ਹਨ।

***ਤੁਸਾਂ ਲੰਗਰ ਬਾਰੇ ਫਰਮਾਇਸ ਹੈ। ਦੇਖਦੇ ਹੀ ਸਿੰਘਾਂ ਪਾਸੋਂ ਕਾਰ ਕਰਵਾਏ ਕੇ ਹੁੰਡੀ ਕਰਵਾਏ ਕੇ ਗੁਰਬਖਸ਼ ਭਗਤ ਮੇਵੜੇ ਕੇ ਹਵਾਲੇ ਕਰਨੀ। ਜੋ ਸਿੰਘ ਲੰਗਰ ਕੀ ਕਾਰ ਲੋਚ ਕਰ ਦੇਣਗੇ।***

ਮਤਲਬ ਕਿ ਲੰਗਰ ਵਿੱਚ ਹਾਜ਼ਰੀ ਸ਼ਰਧਾ ਨਾਲ ਲਗਾਉਣਗੇ।

***ਜੋ ਸਿੰਘ ਲੰਗਰ ਕੀ ਕਾਰ ਲੋਚ ਕਰ ਦੇਣਗੇ ਤਿਸ ਸਿਖ ਕੀ ਰੁਜ਼ਗਾਰ ਗੁਰੂ ਪੂਰਾ ਬਰਕਤ ਪਾਉਸੀ।***

ਮਾਤਾ ਜੀ ਦਾ ਇਹ ਹੁਕਮਨਾਮਾ:

***ਸਭਨੀ ਗਲੀਂ ਖਸਮਾਨਾ ਹੋਸੀ।***

ਇਹ ਦਾਸ ਤਾਂ ਸੁਣਾ ਰਿਹਾ ਹੈ, ਜੇ ਸਹੀ ਲੰਗਰ ਵੀ ਲੱਗਾ ਹੈ, ਤੁਸੀਂ ਹਾਜ਼ਰੀ ਲਗਾ ਰਹੇ ਹੋ, ਗੁਰੂ ਘਰ ਵਿੱਚ ਕੈਸੀਆਂ ਮਰਿਆਦਾਵਾਂ ਹਨ, ਗੁਰੂ ਸਾਹਿਬ ਤੁਹਾਡੀ ਖਸਮ ਬਣ ਕੇ ਰਾਖੀ ਕਰਨਗੇ। ਇਸ ਤਰ੍ਹਾਂ ਆਪਣਾ ਜੀਵਨ ਬਣਾਏਂਗਾ। ਇਸ ਤਰ੍ਹਾਂ ਰੁਚੀ ਬਣਾਏਂਗਾ, ਪੁੰਨ ਦਾਨ ਦੀ। ਇਨ੍ਹਾਂ ਚੀਜ਼ਾਂ ਤੋਂ

*—ਬਾਕੀ ਹਿੱਸਾ ਪੰਨਾ 17 'ਤੇ ਪੜ੍ਹੋ ਜੀ*

# ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ 'ਸਿਫਤਿ ਸਾਲਾਹ ਰਸਾਲੇ' ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਸੰਗਤਾਂ ਵੱਲੋਂ ਭਾਈ ਸਾਹਿਬ ਜੀ ਨੂੰ ਸਮੇਂ-ਸਮੇਂ ਤੇ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ ਤਾਂ ਕਿ ਗੁਰਮਤਿ ਅਨੁਸਾਰ ਉਨ੍ਹਾਂ ਪ੍ਰਸ਼ਨਾਂ ਦਾ, ਉਨ੍ਹਾਂ ਸੰਸਿਆਂ ਦਾ ਨਿਵਾਰਨ ਕੀਤਾ ਜਾ ਸਕੇ ਅਤੇ ਜ਼ਿੰਦਗੀ ਦੀਆਂ ਬਰੀਕੀਆਂ ਨਿਕਲ ਸਕਣ। ਇਸੇ ਕਾਲਮ ਦੀ ਲੜੀ ਨੂੰ ਅੱਗੇ ਤੋਰਦਿਆਂ ਹੱਥਲੇ ਅੰਕ ਤੋਂ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਜੀ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀਂ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਦੱਸਦੇ ਹਨ।

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**476. ਸਵਾਲ: ਸਤਿਕਾਰਯੋਗ ਵੀਰ ਜੀ, ਕੀ ਸਿੱਖ ਦੀ ਜ਼ਿੰਦਗੀ ਵਿੱਚ ਇਹੋ ਜਿਹਾ ਸਮਾਂ ਵੀ ਆਉਂਦਾ ਹੈ ਕਿ ਗੁਰੂ ਸਾਹਿਬ ਆਪ ਤੁੱਠ ਕੇ ਪੁੱਛਣ ਕਿ ਸਿੱਖਾ ਮੰਗ ਕੀ ਮੰਗਦਾ ਹੈ?**

**ਜਵਾਬ:** ਬਿਲਕੁੱਲ ਆਉਂਦਾ ਹੈ। ਸਾਡਾ ਇਤਿਹਾਸ ਭਰਿਆ ਪਿਆ ਹੈ। ਬਸ ਉਸ ਮਾਰਗ ਤੇ ਚੱਲਣ ਦੀ ਜ਼ਰੂਰਤ ਹੈ। ਜਿਸ ਦੀ ਜ਼ਿੰਦਗੀ ਵਿੱਚ ਸਮਰਪਣ ਭਗਤੀ ਆ ਗਈ ਗੁਰੂ ਸਾਹਿਬ ਤੁੱਠ ਕੇ ਆਪ ਪੁੱਛਦੇ ਹਨ, ਮੰਗ ਕੀ ਮੰਗਦਾ ਹੈ? ਸਮਰਪਣ ਕਿਸਨੂੰ ਕਹਿੰਦੇ ਹਨ, ਜੇ ਵਾਹਿਗੁਰੂ ਨੇ ਤੁਹਾਨੂੰ ਕਾਰ ਦਿੱਤੀ ਹੈ, ਹੇ ਵਾਹਿਗੁਰੂ! ਇਹ ਕਾਰ ਵੀ ਤੇਰੀਆਂ ਸੰਗਤਾਂ ਦੀ ਹੈ। ਘਰ ਦਿੱਤਾ ਹੈ ਤੇ ਇਹ ਘਰ ਵੀ ਤੇਰੀਆਂ ਸੰਗਤਾਂ ਲਈ। ਇਹ ਬੜਾ ਵੱਡਾ ਗੜ੍ਹ ਹੈ। ਇਹ ਹਰ ਕਿਸੇ ਦਾ ਨਹੀਂ ਟੁੱਟਦਾ। ਜੋ ਅਸੀਂ ਬੋਲਦੇ ਹਾਂ:

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥*

*(ਅੰਗ ੯੧੮)*

ਇਹ ਗੜ੍ਹ ਹੈ ਇਸਨੂੰ ਤੋੜ ਕੇ ਨਿਕਲ ਜਾਓ ਫਿਰ ਅੱਗੇ ਰਸ ਹੀ ਰਸ ਹੈ। ਜਿਸ ਦਾ ਇਹ ਗੜ੍ਹ ਟੁੱਟ ਜਾਵੇ, ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ, ਜਿਸ ਦਾ ਇਹ ਗੜ੍ਹ ਟੁੱਟ ਜਾਵੇ, ਉਸਨੂੰ ਮੰਗਣ ਦੀ ਵੀ ਲੋੜ ਨਹੀਂ ਪੈਂਦੀ। ਉਸ ਨੂੰ ਗੁਰੂ ਸਾਹਿਬ ਅਵਾਜ਼ ਦੇ ਕੇ ਕਹਿੰਦੇ ਹਨ, ਦੱਸ ਕੀ ਚਾਹੀਦਾ ਹੈ? ਇਹ ਕਦੋਂ ਪੁੱਛਦੇ ਹਨ ਗੁਰੂ ਸਾਹਿਬ, ਜਦੋਂ ਸਿੱਖ ਸਮਰਪਣ ਦੀ ਅਵਸਥਾ ਤੇ ਪਹੁੰਚ ਜਾਂਦਾ ਹੈ ਤੇ ਆਖਦਾ ਹੈ ਹੇ ਗੁਰੂ ਨਾਨਕ ਸਾਹਿਬ! ਮੇਰਾ ਘਰ ਵੀ ਤੁਹਾਡਾ, ਮੇਰੀਆਂ ਗੱਡੀਆਂ ਵੀ ਤੁਹਾਡੀਆਂ, ਮਾਇਆ ਵੀ ਤੁਹਾਡੀ, ਕੋਈ ਗੁਣ ਵੀ ਹੈ ਉਹ ਵੀ ਤੁਹਾਡਾ। ਇਹ ਗੁਣ ਆਉਂਦਾ ਕਿਵੇਂ ਹੈ? ਗੁਰੂ ਦੀਆਂ ਸੰਗਤਾਂ ਦੀ ਸੇਵਾ ਕਰਕੇ। ਜੇ ਕਿਸੇ ਦੀ ਪਕੜ ਵਿੱਚ ਗੱਲ ਨਾ ਆਈ ਹੋਵੇ ਤਾਂ ਇਤਿਹਾਸ ਵਿੱਚ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਬੜੇ ਪਿਆਰੇ ਸਿੱਖ ਹੋਏ ਭਾਈ ਆਦਮ ਜੀ, ਉਨ੍ਹਾਂ ਦਾ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ।

ਭਾਈ ਆਦਮ ਜੀ, ਮਾਲਵੇ ਦੇ ਰਹਿਣ ਵਾਲੇ,

ਕਈ ਸਾਲ ਹੋ ਗਏ, ਘਰ ਵਿੱਚ ਕੋਈ ਔਲਾਦ ਨਹੀਂ। ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੇ ਚਰਨਾਂ ਵਿੱਚ ਬੇਨਤੀ ਕਰਨ ਆਏ, ਘਰ ਕੋਈ ਬੂਟਾ ਲੱਗੇ, ਔਲਾਦ ਹੋਵੇ।

***ਪੁਤੀ ਗੰਢੁ ਪਵੈ ਸੰਸਾਰਿ ॥***

*(ਅੰਗ ੧੪੩)*

ਦਿਨ ਲੰਘੀਂ ਜਾ ਰਹੇ ਹਨ। ਸੇਵਾ ਕਰੀ ਜਾ ਰਹੇ ਹੈ। ਸਭ ਨੇ ਜ਼ਿਕਰ ਸੁਣਿਆ ਹੈ। ਇੱਕ ਤੱਤ ਲੈਣਾ ਜਿਹੜਾ ਗੜ੍ਹ ਟੁੱਟ ਗਿਆ। ਰਾਤ ਦੇ ਤਕਰੀਬਨ ਦਸ ਦਾ ਸਮਾਂ ਹੋਣਾ, ਦੋ-ਤਿੰਨ ਸਿੱਖ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਕੋਲ ਜਾ ਕੇ ਬੇਨਤੀ ਕਰਦੇ ਹਨ, ਸੱਚੇ ਪਾਤਸ਼ਾਹ ਜੀ! ਹਵਾ ਬਹੁਤ ਠੰਡੀ ਚੱਲ ਰਹੀ ਹੈ ਤੇ ਬਾਰਸ਼ ਵੀ ਬਹੁਤ ਤੇਜ਼ ਹੋ ਰਹੀ ਹੈ, ਜਿਸ ਕਰਕੇ ਲੰਗਰ ਦੀ ਕਾਫੀ ਲੱਕੜ ਗਿੱਲੀ ਹੋ ਗਈ ਹੈ? ਬਹੁਤ ਬਜ਼ੁਰਗ, ਬੱਚੇ ਤੇ ਬੀਬੀਆਂ ਬਾਹਰੋਂ ਆਈਆਂ ਹਨ। ਠੰਡ ਵੀ ਅਤਿ ਦੀ ਪੈ ਰਹੀ ਹੈ। ਸੰਗਤ ਠਰਦੀ ਪਈ ਹੈ। ਮਹਾਰਾਜ ਜੀ, ਕਿਰਪਾ ਕਰੋ।

ਸੁਲਤਾਨਵਿੰਡ ਚੌਂਕ, ਚਾਟੀਵਿੰਡ ਚੌਂਕ ਇਹ ਸਭ ਪਹਿਲਾਂ ਜੰਗਲ ਹੁੰਦਾ ਸੀ। ਭਾਈ ਆਦਮ ਜੀ ਇੱਥੋਂ ਲੱਕੜੀਆਂ ਚੁਣਦੇ ਸਨ। ਇੱਕ ਗੰਢ ਲੱਕੜੀਆਂ ਦੀ ਆਪਣੇ ਘਰ ਸੁੱਟਦੇ ਸਨ ਤੇ ਇੱਕ ਗੁਰੂ ਘਰ ਸੇਵਾ 'ਚ। ਕਹਿੰਦੇ, ਜਦੋਂ ਬਹੁਤ ਤੇਜ਼ ਬਾਰਸ਼ ਹੋ ਰਹੀ ਸੀ ਉਸ ਸਮੇਂ ਭਾਈ ਆਦਮ ਜੀ ਦੇ ਘਰ ਜਿੰਨੀ ਲੱਕੜ ਪਈ ਸੀ, ਭਾਈ ਆਦਮ ਜੀ ਨੇ ਸਾਰੀ ਲੱਕੜ ਗੁਰੂ ਘਰ ਲਿਆ ਕੇ ਵੱਖ-ਵੱਖ ਥਾਵਾਂ ਤੇ ਢੇਰੀਆਂ ਬਣਾ ਕੇ ਅੱਗ ਬਾਲ ਦਿੱਤੀ। ਹੁਣ ਜਿਹੜੀਆਂ ਸੰਗਤਾਂ ਠਰਦੀਆਂ ਪਈਆਂ ਸਨ, ਬਜ਼ੁਰਗ, ਬੱਚੇ ਤੇ ਬੀਬੀਆਂ ਅੱਗ ਦੇ ਆਲੇ-ਦੁਆਲੇ ਬੈਠ ਕੇ ਨਾਲੇ ਅੱਗ ਸੇਕਦੀਆਂ ਹਨ ਤੇ ਨਾਲੇ ਕੀਰਤਨ ਹੋ ਰਿਹਾ ਹੈ, ਢੋਲਕੀਆਂ ਛੈਣਿਆਂ ਨਾਲ ਬਾਣੀ ਪੜ੍ਹੀ ਜਾ ਰਹੀ ਹੈ। ਜਿਹੜੀ ਅੱਗ ਬਾਲੀ ਹੈ, ਉਹ ਤੁਹਾਨੂੰ ਪਤਾ ਹੈ ਕਿ ਘੰਟੇ-ਅੱਧੇ ਘੰਟੇ ਬਾਅਦ ਲੱਕੜ ਮੁੱਕਣੀ ਹੈ। ਹਵਾ ਦੇ ਬੁੱਲ੍ਹੇ ਠੰਡੇ ਵਗ ਰਹੇ ਹਨ। ਲੱਕੜੀ ਮੁੱਕੀ, ਅੱਗ ਮੱਠੀ ਹੋ ਗਈ, ਨਰਮ ਹੋ ਗਈ। ਭਾਈ ਆਦਮ ਜੀ ਸੋਚਦੇ ਹਨ, ਹੁਣ ਕੀ ਕਰਾਂ? ਘਰ ਗਏ ਜਿੰਨੀ ਕੁ ਹੋਰ ਲੱਕੜ ਪਈ ਸੀ, ਉਹ ਵੀ ਲਿਆ ਕੇ ਬਾਲ ਦਿੱਤੀ। ਅੱਧਾ ਘੰਟਾ, ਘੰਟਾ ਬੀਤਿਆ। ਉਹ ਲੱਕੜ ਵੀ ਖਤਮ ਹੋ ਗਈ। ਅਜੇ ਇੱਕ-ਡੇਢ ਵੱਜਾ ਹੈ। ਸਵੇਰ ਨਹੀਂ ਹੋਈ। ਤੀਜਾ ਕੰਮ ਜਿਹੜਾ ਭਾਈ ਆਦਮ ਜੀ ਨੇ ਕੀਤਾ, ਉਹ ਕੋਈ-ਕੋਈ ਕਰ ਸਕਦਾ ਹੈ। ਇਹ ਗੜ੍ਹ ਕਿਸੇ-ਕਿਸੇ ਦਾ ਟੁੱਟਦਾ ਹੈ। ਦੂਜੀ ਵਾਰੀ ਵੀ ਜਦੋਂ ਘਰੋਂ ਲੱਕੜੀ ਲਿਆ ਕੇ ਅਗਨੀ ਤੇ ਰੱਖੀ, ਹੁਣ ਹੋਰ ਲੱਕੜ ਨਹੀਂ ਹੈ ਘਰ। ਅਜੇ ਇੱਕ-ਡੇਢ ਵੱਜਾ ਹੈ। ਹਵਾ ਦੇ ਬੁੱਲ੍ਹੇ ਵਗ ਰਹੇ ਹਨ। ਦੋ ਵਾਰੀ ਜਿੰਨੀ ਲੱਕੜ ਲਿਆਂਦੀ, ਉਹ ਮੱਠੀ ਹੋ ਗਈ। ਸੇਕ ਘੱਟਦਾ ਜਾ ਰਿਹਾ ਹੈ। ਸੋਚਦੇ ਹਨ, ਭਾਈ ਆਦਮ ਜੀ, ਹੁਣ ਕੀ ਕਰਾਂ? ਉਹ ਕੰਮ ਬੜਾ ਔਖਾ ਹੈ। ਜਿਹੜਾ ਤੀਜਾ ਕੰਮ ਕੀਤਾ, ਆਪਣੇ ਘਰ ਗਏ, ਭਾਈ ਆਦਮ ਜੀ ਨੇ ਆਪਣੇ ਘਰ ਦੀਆਂ ਚੁਗਾਠਾਂ, ਬੂਹੇ-ਬਾਰੀਆਂ ਪੁੱਟ ਕੇ ਗੁਰੂ ਦੀਆਂ ਸੰਗਤਾਂ ਲਈ ਉੱਥੇ ਅਗਨੀ ਤੇਜ ਕਰਨ ਲਈ ਰੱਖ ਦਿੱਤੀਆਂ। ਮਨ ਵਿੱਚ ਕੀ ਆਖਿਆ? ਧੰਨ ਗੁਰੂ ਰਾਮਦਾਸ ਜੀ ਮਹਾਰਾਜ! ਘਰ ਵੀ ਤੇਰਾ ਹੈ ਤੇ ਬੂਹੇ-ਬਾਰੀਆਂ ਵੀ ਤੇਰੀਆਂ ਹਨ। ਇਹ ਹੈ, ਗੁਰੂ ਘਰ ਲਈ ਸਮਰਪਣ ਹੋਣਾ।

ਅੰਮ੍ਰਿਤ ਵੇਲੇ ਜਦੋਂ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਆਪ ਸੰਗਤਾਂ ਨੂੰ ਦੇਖਣ ਆਏ ਤੇ ਕੀ ਦੇਖਿਆ ਸੰਗਤਾਂ ਅੱਗ ਦੀਆਂ ਢੇਰੀਆਂ ਦੇ ਆਲੇ-ਦੁਆਲੇ ਬੈਠ ਕੇ ਬੜੇ ਅਨੰਦ ਨਾਲ ਕੀਰਤਨ ਕਰ ਰਹੀਆਂ ਹਨ। ਸਵੇਰ ਹੋਈ, ਸੱਚੇ ਪਾਤਸ਼ਾਹ ਜੀ ਨੇ ਸੇਵਾਦਾਰ ਨੂੰ ਪੁੱਛਿਆ ਕਿ ਸਾਨੂੰ ਤੇ ਰਾਤ ਪਤਾ ਲੱਗਾ ਸੀ ਕਿ ਗੁਰੂ ਘਰ ਦੀ ਸਾਰੀ ਲੱਕੜ ਗਿੱਲੀ ਹੋ ਗਈ ਹੈ, ਫਿਰ ਇਹ ਲੱਕੜ ਕੌਣ ਲਿਆਇਆ ਹੈ? ਸੇਵਾਦਾਰ ਨੇ ਆਖਿਆ ਕਿ ਮਾਲਵੇ ਦਾ ਰਹਿਣ ਵਾਲਾ ਸਿੱਖ ਹੈ ਭਾਈ ਆਦਮ, ਕਾਫੀ ਮਹੀਨਿਆਂ

ਤੋਂ ਸੇਵਾ ਕਰ ਰਿਹਾ ਹੈ ਗੁਰੂ ਘਰ ਵਿੱਚ। ਇਹ ਦੋ ਵਾਰੀ ਆਪਣੇ ਘਰੋਂ ਲੱਕੜ ਲਿਆਇਆ ਤੇ ਸਾਰੀਆਂ ਲੱਕੜ ਮੁੱਕ ਜਾਣ ਤੇ ਆਪਣੇ ਘਰ ਦੀਆਂ ਚੁਗਾਠਾਂ ਤੇ ਬੂਹੇ-ਬਾਰੀਆਂ ਵੀ ਪੁੱਟ ਲਿਆਇਆ ਤਾਂ ਕਿ ਗੁਰੂ ਦੀਆਂ ਸੰਗਤਾਂ ਨੂੰ ਠੰਢ ਨਾ ਲੱਗੇ। ਸਤਿਗੁਰੂ ਜੀ ਪ੍ਰਸੰਨ ਹੋਏ ਤੇ ਆਖਣ ਲੱਗੇ ਅਸੀਂ ਵੀ ਰਾਤ ਆਏ ਸੀ ਸੰਗਤਾਂ ਨੂੰ ਦੇਖਣ ਤੇ ਜਿੱਥੇ ਸੰਗਤਾਂ ਅੱਗ ਸੇਕ ਰਹੀਆਂ ਸਨ ਤੇ ਉੱਥੇ ਢੋਲਕੀਆਂ-ਛੈਣਿਆਂ ਨਾਲ ਬੜੇ ਅਨੰਦ ਵਿੱਚ ਕੀਰਤਨ ਵੀ ਕਰ ਰਹੀਆਂ ਸਨ।

ਹੁਣ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਨੇ ਸੇਵਾਦਾਰ ਨੂੰ ਭੇਜਿਆ ਤੇ ਕਿਹਾ, ਬੁਲਾ ਕੇ ਲਿਆਓ ਭਾਈ ਆਦਮ ਨੂੰ। ਭਾਈ ਆਦਮ ਜੀ ਆਏ ਤੇ ਮਹਾਰਾਜ ਧੰਨ ਗੁਰੂ ਰਾਮਦਾਸ ਜੀ ਬਚਨ ਕਰਦੇ ਹਨ, "ਭਾਈ ਆਦਮ ਜੀ, ਤੁਸੀਂ ਸੰਗਤਾਂ ਦੀ ਸੇਵਾ ਬੜੇ ਚਾਅ ਨਾਲ ਕੀਤੀ ਹੈ। ਅਸੀਂ ਤੁਹਾਡੇ ਤੇ ਪ੍ਰਸੰਨ ਹਾਂ। ਮੰਗੋ ਕੀ ਮੰਗਦੇ ਹੋ?" ਭਾਈ ਆਦਮ ਜੀ ਉਮਰ ਵਡੇਰੀ ਹੋਣ ਕਰਕੇ ਝੁਕ ਗਏ ਤੇ ਹੱਥ ਜੋੜ ਕੇ ਕਹਿੰਦੇ, ਸੱਚੇ ਪਾਤਸ਼ਾਹ ਜੀ, ਕੱਲ੍ਹ ਆਪਣੀ ਘਰਵਾਲੀ ਨੂੰ ਨਾਲ ਲੈ ਕੇ ਆਵਾਂਗਾ। ਫਿਰ ਬੇਨਤੀ ਕਰਾਂਗਾ। ਜਦੋਂ ਅਗਲੇ ਦਿਨ ਘਰਵਾਲੀ ਨੂੰ ਨਾਲ ਲੈ ਕੇ ਆਏ ਤੇ ਘਰਵਾਲੀ ਨੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ਜੀ! ਸਾਡੇ ਘਰ ਔਲਾਦ ਨਹੀਂ ਝੋਲੀ ਭਰ ਦਿਓ, ਬੂਟਾ ਲਗਾ ਦਿਓ। ਧੰਨ ਗੁਰੂ ਰਾਮਦਾਸ ਪਾਤਸ਼ਾਹ ਜੀ ਨੇ ਭਾਈ ਆਦਮ ਜੀ ਦੇ ਕਰਮਾਂ ਵੱਲ ਝਾਤ ਮਾਰੀ ਤੇ ਬਚਨ ਕੀਤਾ, "ਭਾਈ ਆਦਮ ਜੀ, ਤੁਹਾਡੇ ਕਰਮਾਂ ਵਿੱਚ ਔਲਾਦ ਨਹੀਂ ਪਰ ਤੁਸੀਂ ਸਮਰਪਣ ਹੋ ਕੇ ਗੁਰੂ ਘਰ ਵਿੱਚ ਸੇਵਾ ਕੀਤੀ ਹੈ। ਇਸ ਲਈ ਅਸੀਂ ਆਪਣਾ ਚੌਥਾ ਪੁੱਤਰ ਤੁਹਾਡੇ ਘਰ ਭੇਜਾਂਗੇ। ਘਰਵਾਲੀ ਦੇ ਮਨ ਵਿੱਚ ਤ੍ਰੇੜ ਆ ਗਈ ਕਿ ਬੜਿਆਂ ਨੇ ਪਹਿਲਾਂ ਵੀ ਕਿਹਾ ਸੀ ਕਿ ਪੁੱਤਰ ਹੋਵੇਗਾ ਪਰ ਨਹੀਂ ਹੋਇਆ, ਹੁਣ ਵੀ ਪਤਾ ਨਹੀਂ ਹੋਵੇਗਾ ਕਿ ਨਹੀਂ। ਧੰਨ ਗੁਰੂ ਰਾਮਦਾਸ ਜੀ ਜਾਣੀ ਜਾਣ। ਮਹਾਰਾਜ ਜੀ ਨੇ ਭਾਈ ਆਦਮ ਜੀ ਦੀ ਘਰਵਾਲੀ ਦੇ ਮਨ ਦੀ ਤ੍ਰੇੜ ਪੜ੍ਹ ਲਈ ਤੇ ਬਚਨ ਕੀਤਾ ਕਿ ਮਨ ਵਿੱਚ ਤ੍ਰੇੜ ਨਾ ਲਿਆਓ। ਜਿਹੜਾ ਪੁੱਤਰ ਅਸੀਂ ਤੁਹਾਡੇ ਘਰ ਭੇਜਾਂਗੇ, ਉਸਦਾ ਨਾਂ ਭਾਈ ਭਗਤੂ ਰੱਖਿਓ, ਬਹੁਤ ਕਮਾਈ ਵਾਲਾ ਹੋਵੇਗਾ। ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੇ ਬਚਨ ਸਦਕਾ ਭਾਈ ਆਦਮ ਜੀ ਦੇ ਘਰ ਭਾਈ ਭਗਤੂ ਜੀ ਨੇ ਜਨਮ ਲਿਆ।

ਇਹ ਹੈ ਸਮਰਪਣ ਭਗਤੀ। ਗੁਰੂ ਦੀਆਂ ਸੰਗਤਾਂ ਨੂੰ ਖੁਸ਼ ਕਰ ਲਓ ਤੇ ਫਿਰ ਇੱਕ ਸਮਾਂ ਆਉਂਦਾ ਹੈ, ਗੁਰੂ ਸਾਹਿਬ ਆਪ ਤੁੱਠ ਕੇ ਪੁੱਛਦੇ ਹਨ, ਮੰਗ ਕੀ ਮੰਗਦਾ ਹੈ?

❖❖❖

---

*ਪੰਨਾ 14 ਦਾ ਬਾਕੀ ਹਿੱਸਾ—*

ਸੜਕਾਂ ਮਿਲਦੀਆਂ ਹਨ ਕਿ ਸਾਡੇ ਗੁਰੂ ਘਰ ਦੇ ਕੀ ਮਾਰਗ ਹਨ। ਮਾਤਾ ਜੀ ਦੀ ਉਮਰ 66 ਸਾਲ ਸੀ, ਜਦੋਂ ਮਾਤਾ ਜੀ ਆਪ ਗੁ: ਬਾਲਾ ਸਾਹਿਬ, ਦਿੱਲੀ ਵਿਖੇ ਜੋਤੀ-ਜੋਤ ਸਮਾਏ। ਮਾਤਾ ਜੀ ਨੇ ਇਸ਼ਨਾਨ ਕੀਤਾ, ਚਿੱਟੇ ਬਸਤਰ ਪਾਏ, ਜਪੁਜੀ ਸਾਹਿਬ ਜੀ ਦਾ ਪਾਠ ਕੀਤਾ, ਹੁਕਮਨਾਮਾ ਲਿਆ, ਮੱਥਾ ਟੇਕ ਕੇ ਸਰੀਰ ਤਿਆਗਿਆ। ਮਾਤਾ ਸਾਹਿਬ ਕੌਰ ਜੀ ਦੇ ਜੀਵਨ ਦੇ ਕੁਝ ਅੰਸ਼ ਆਪ ਜੀ ਨੇ ਬੜੇ ਪਿਆਰ ਨਾਲ ਸਰਵਣ ਕੀਤੇ ਹਨ। ਇਹ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਤੇਰ੍ਹਵਾਂ ਭਾਗ- ਰੰਗੀ ਹੋਈ ਮਾਤਾ, ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦਾ ਇਤਿਹਾਸ ਸੀ। ਇੱਕ ਵਾਰੀ ਪਿਆਰ ਨਾਲ ਸਾਰੇ ਪੰਕਤੀ ਪੜ੍ਹੋ, ਕਿਰਪਾ ਕਰਨਾ ਜੀ :

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥***

***(ਅੰਗ ੪੭੩)***

***—ਅਗਲੇ ਅੰਕ ਵਿੱਚ ਚੌਦਵਾਂ ਭਾਗ ਪੜ੍ਹੋ ਜੀ।***

❖❖❖

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਤੀਸਰਾ ਸਲੋਕ :***

*ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ ॥*
*ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ ॥੩॥*

*(ਅੰਗ ੧੪੨੬)*

ਨੌਵੇਂ ਪਾਤਸ਼ਾਹ ਜੀ ਕਹਿ ਰਹੇ ਹਨ ਜਵਾਨੀ ਦੀ ਅਵਸਥਾ ਏਵੇਂ ਹੀ ਚਲੀ ਗਈ। ਬੁਢੇਪੇ ਨੇ ਸਰੀਰ ਨੂੰ ਜਿੱਤ ਲਿਆ ਹੈ। ਹੇ ਮਨਾ! ਹਰੀ ਦਾ ਸਿਮਰਨ ਕਰ, ਉਮਰ ਬੀਤਦੀ ਜਾ ਰਹੀ ਹੈ।

ਮਨੁੱਖਾ ਜ਼ਿੰਦਗੀ ਦੀ ਰਾਤ ਦੇ ਵੀ ਚਾਰ ਪਹਿਰ ਹਨ। ਪਹਿਲੇ ਪਹਿਰ ਵਿੱਚ ਜੀਵ ਪਰਮਾਤਮਾ ਦੇ ਹੁਕਮ ਨਾਲ ਗਰਭ ਵਿੱਚ ਆਉਂਦਾ ਹੈ ਤੇ ਉਰਧ (ਪੁੱਠਾ) ਹੋ ਕੇ ਤਪ ਕਰਦਾ ਹੈ। ਪਰਮਾਤਮਾ ਅੱਗੇ ਅਰਦਾਸਾਂ ਕਰਦਾ ਹੈ ਕਿ ਮੈਨੂੰ ਇੱਥੋਂ ਬਾਹਰ ਕੱਢ। ਤੇਰਾ ਸਵਾਸ-ਸਵਾਸ ਨਾਮ ਜਪਾਂਗਾ।

*ਪ੍ਰਮਾਣ :*

*ੴ ਸਤਿਗੁਰ ਪ੍ਰਸਾਦਿ ॥*
*ਸਿਰੀਰਾਗੁ ਮਹਲਾ ੧ ਪਹਰੇ ਘਰੁ ੧ ॥*
*ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ*
*ਹੁਕਮਿ ਪਇਆ ਗਰਭਾਸਿ ॥*
*ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ*
*ਖਸਮ ਸੇਤੀ ਅਰਦਾਸਿ ॥*

*(ਅੰਗ ੭੪)*

ਇਸ ਤਰ੍ਹਾਂ ਜ਼ਿੰਦਗੀ ਦੀ ਰਾਤ ਦਾ ਦੂਜਾ ਪਹਿਰ ਸ਼ੁਰੂ ਹੋ ਜਾਂਦਾ ਹੈ। ਮਾਂ ਕਹਿੰਦੀ ਹੈ, ਮੇਰਾ ਲਾਡਲਾ। ਪਿਓ ਕਹਿੰਦਾ ਹੈ, ਮੇਰਾ ਪੁੱਤਰ। ਭੈਣਾਂ ਕਹਿੰਦੀਆਂ ਹਨ, ਮੇਰਾ ਵੀਰ ਪਰ ਜਿਸਨੇ ਭੇਜਿਆ ਸੀ ਉਸਦਾ ਕਿਸੇ ਨਾਮ ਨਾ ਲਿਆ।

*ਪ੍ਰਮਾਣ :*

*ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ*
*ਵਿਸਰਿ ਗਇਆ ਧਿਆਨੁ ॥*

*(ਅੰਗ ੭੫)*

ਇਹ ਜੀਵ ਵੀ ਸਭ ਕੁਝ ਆਪਣੇ ਪਰਿਵਾਰ ਨੂੰ ਸਮਝਣ ਲੱਗ ਪਿਆ ਤੇ ਦੁਨੀਆਂ ਦੇ ਮੇਲੇ ਵਿੱਚ ਆ ਕੇ ਇਹ ਭੁੱਲ ਹੀ ਗਿਆ ਕਿ ਮੈਂ ਵਾਪਸ ਵੀ ਜਾਣਾ ਹੈ। ਇਸ ਤਰ੍ਹਾਂ 12 ਸਾਲ ਬਚਪਨ ਵਿੱਚ ਬੀਤ ਗਏ। ਹੁਣ ਜ਼ਿੰਦਗੀ ਦਾ ਤੀਜਾ ਪਹਿਰ ਲੱਗ ਗਿਆ। ਜੀਵ ਨੇ ਆਪਣਾ ਚਿੱਤ ਧਨ ਤੇ ਜੋਬਨ ਨਾਲ ਜੋੜ ਲਿਆ। ਜਿਸ ਮਾਲਕ ਦੇ ਨਾਮ ਨੇ ਦਰਗਾਹ ਵਿੱਚ ਬੱਧੇ ਹੋਏ ਨੂੰ ਛੁਡਾਉਣਾ ਸੀ, ਉਸ ਨੂੰ ਚੇਤੇ ਨਾ ਕੀਤਾ।

*ਪ੍ਰਮਾਣ :*

*ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ*
*ਧਨ ਜੋਬਨ ਸਿਉ ਚਿਤੁ ॥*
*ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ*
*ਬਧਾ ਛੁਟਹਿ ਜਿਤੁ ॥*

*(ਅੰਗ ੭੫)*

ਜਵਾਨੀ ਵਿੱਚ ਕਈ ਵਲ ਛਲ ਕਰਕੇ ਧਨ ਇਕੱਠਾ ਕਰਨ ਲੱਗ ਪਿਆ ਤੇ ਇਸਤਰੀ, ਪੁੱਤਰਾਂ ਤੇ ਲਗਾਉਣ ਲੱਗਾ। ਪਰਮਾਤਮਾ ਨੇ ਧੀਆਂ-ਪੁੱਤਰ ਖਿਡਾਉਣੇ ਦਿੱਤੇ ਸਨ ਪਰ ਜੀਵ ਖਿਡਾਉਣਿਆਂ ਵਿੱਚ ਹੀ ਮਸਤ ਹੋ ਗਿਆ। ਦੇਣ ਵਾਲੇ ਨੂੰ ਭੁੱਲ ਗਿਆ।

*ਪ੍ਰਮਾਣ :*

***ਜੋ ਦੇਵੈ ਤਿਸੈ ਨ ਜਾਣੈ ਮੂੜਾ ਦਿਤੇ ਨੋ ਲਪਟਾਏ ॥***

*(ਅੰਗ ੭੬)*

ਇਸ ਤਰ੍ਹਾਂ ਜ਼ਿੰਦਗੀ ਦਾ ਤੀਜਾ ਪਹਿਰ ਤਰਨਾਪੋ (ਜਵਾਨੀ) ਦਾ ਵੀ ਬੀਤ ਗਿਆ ਤੇ ਚੌਥਾ ਪਹਿਰ ਲੱਗ ਗਿਆ ਜਿਸ ਵਿੱਚ ਬੁਢਾਪੇ ਨੇ ਇਸ ਦੇ ਸਰੀਰ ਨੂੰ ਜਿੱਤ ਲਿਆ ਕਿਉਂਕਿ ਜ਼ਿੰਦਗੀ ਦੇ ਚੌਥੇ ਪਹਿਰ ਵਿੱਚ ਸਰੀਰ ਰੂਪੀ ਖੇਤ ਪੱਕ ਕੇ ਤਿਆਰ ਹੋ ਜਾਂਦਾ ਹੈ ਤੇ ਇਸ ਨੂੰ ਵੱਢਣ ਵਾਲੇ ਲਾਵੀ (ਜਮ) ਆ ਜਾਂਦੇ ਹਨ। ਉਹ ਕਿਧਰੋਂ ਆਉਂਦੇ ਹਨ, ਕਿਧਰ ਲੈ ਜਾਂਦੇ ਹਨ। ਇਸ ਬਾਰੇ ਕਿਸੇ ਨੂੰ ਭੇਤ ਨਹੀਂ ਦਿੰਦੇ।

*ਪ੍ਰਮਾਣ :*

***ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ***
***ਲਾਵੀ ਆਇਆ ਖੇਤੁ ॥***
***ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ***
***ਕਿਸੈ ਨ ਮਿਲਿਆ ਭੇਤੁ ॥***

*(ਅੰਗ ੭੫)*

ਇਸ ਲਈ ਪ੍ਰਭੂ ਨੂੰ ਹਰ ਵਕਤ ਯਾਦ ਕਰਨਾ ਚਾਹੀਦਾ ਹੈ। ਜਿਸ ਨੂੰ ਪ੍ਰਭੂ ਭੁੱਲ ਜਾਂਦਾ ਹੈ, ਉਸ ਨੂੰ ਹੇਠ ਲਿਖੇ ਵੱਡੇ ਪਾਪਾਂ ਦਾ ਪਾਪ ਲੱਗਦਾ ਹੈ।

ਬ੍ਰਾਹਮਣ ਦੀ ਹੱਤਿਆ, ਕੈਲੀ ਘਾਤ (ਗਾਂ ਦੀ ਹੱਤਿਆ), ਕੰਞਕਾ ਘਾਤੁ (ਕੰਨਿਆ ਹੱਤਿਆ), ਅਨਚਾਰੀ ਕਾ ਧਾਨੁ (ਕੁਕਰਮੀ ਦਾ ਅੰਨ)

*ਪ੍ਰਮਾਣ :*

***ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥***
***ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ ॥***
***ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ ॥***

*(ਅੰਗ ੧੪੧੩)*

ਸਾਰੇ ਜਗਤ ਦੀਆਂ ਫਿਟਕਾਰਾਂ, ਬਦੀਆਂ ਦਾ ਕੋਹੜ, ਹਰ ਵੇਲੇ ਦੀ ਆਕੜ। ਇਹ ਸਾਰੇ ਐਬ ਉਹ ਮਨੁੱਖ ਖੱਟਦੇ ਹਨ ਜਿਨ੍ਹਾਂ ਨੂੰ ਪ੍ਰਭੂ ਦਾ ਨਾਮ ਭੁੱਲ ਜਾਂਦਾ ਹੈ।

ਇਸ ਲਈ ਨੌਵੇਂ ਪਾਤਸ਼ਾਹ ਜੀ ਸਾਨੂੰ ਪਹਿਲੇ ਹੀ ਸਾਵਧਾਨ ਕਰਦੇ ਹਨ ਕਿ ਪ੍ਰਭੂ ਦਾ ਸਿਮਰਨ ਕਰ ਲੈ, ਉਮਰ ਬੀਤਦੀ ਜਾ ਰਹੀ ਹੈ।

***ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ ॥੩॥***

*(ਅੰਗ ੧੪੨੬)*

❖❖❖

### ***ਨੌਵੇਂ ਪਾਤਸ਼ਾਹ ਜੀ ਦਾ ਚੌਥਾ ਸਲੋਕ :***

***ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ॥***
***ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ॥੪॥***

*(ਅੰਗ ੧੪੨੬)*

ਨੌਵੇਂ ਪਾਤਸ਼ਾਹ ਜੀ ਕਹਿੰਦੇ ਹਨ, ਬੁੱਢਾ ਹੋ ਗਿਆ ਹੈਂ। ਤੈਨੂੰ ਅਜੇ ਕੁਝ ਸੁੱਝਦਾ ਨਹੀਂ। ਸਿਰ ਤੇ ਮੌਤ ਆ ਪਹੁੰਚੀ ਹੈ।

ਹੇ ਕਮਲੇ ਪੁਰਸ਼! ਤੂੰ ਪ੍ਰਮੇਸ਼ਰ ਦਾ ਸਿਮਰਨ ਕਿਉਂ ਨਹੀਂ ਕਰਦਾ?

ਜਦੋਂ ਜੀਵ ਬੁੱਢਾ ਹੋ ਜਾਂਦਾ ਹੈ, ਇਸ ਦੀਆਂ ਅੱਖਾਂ ਵਿੱਚੋਂ ਪਾਣੀ ਵਗਣ ਲੱਗ ਪੈਂਦਾ ਹੈ। ਤਨ ਕਮਜ਼ੋਰ ਹੋ ਜਾਂਦਾ ਹੈ। ਕੇਸ ਦੁੱਧ ਵਰਗੇ ਚਿੱਟੇ ਹੋ ਜਾਂਦੇ ਹਨ, ਗਲਾ ਰੁਕ ਗਿਆ, ਹੁਣ ਵਾਹਿਗੁਰੂ ਵੀ ਨਹੀਂ ਕਹਿ ਸਕਦਾ।

*ਪ੍ਰਮਾਣ :*

***ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥***
***ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ ॥੧॥***
*(ਅੰਗ ੬੫੯)*

ਜਿਸ ਦੀ ਉਮਰ ਪੂਰੀ ਹੋ ਜਾਂਦੀ ਹੈ ਉਸ ਨੂੰ ਕੋਈ ਨਹੀਂ ਬਚਾ ਸਕਦਾ। ਜਿੰਨੇ ਮਰਜ਼ੀ ਵੈਦ ਆਪਣੇ ਇਲਾਜ ਕਰਨ ਜਾਂ ਕਈ ਤਰ੍ਹਾਂ ਦੇ ਬਚਾਅ ਦੇ ਤਰੀਕੇ ਵੀ ਦੱਸਣ ਤਾਂ ਵੀ ਮੌਤ ਤੋਂ ਬਚਾਓ ਨਹੀਂ ਕਰ ਸਕਦੇ।

ਸਤਿਗੁਰੂ ਜੀ ਕਹਿੰਦੇ ਹਨ ਹੇ ਭੁੱਲੇ ਹੋਏ ਮਨੁੱਖ, ਤੂੰ ਇੱਕ ਪ੍ਰਭੂ ਦਾ ਸਿਮਰਨ ਕਰ ਜੋ ਲੋਕ-ਪ੍ਰਲੋਕ ਵਿੱਚ ਤੇਰੇ ਕੰਮ ਆਵੇਗਾ। ਬਿਨਾਂ ਪ੍ਰਭੂ ਦੇ ਸਿਮਰਨ ਦੇ ਸਭ ਕੁਝ ਐਵੇਂ ਹੀ ਚਲਾ ਜਾਵੇਗਾ ਤੇ ਇਹ ਸਰੀਰ ਸੜ ਕੇ ਸੁਆਹ ਹੋ ਜਾਵੇਗਾ।

*ਪ੍ਰਮਾਣ :*

***ਜਿਸ ਕੀ ਪੂਜੈ ਅਉਧ ਤਿਸੈ ਕਉਣੁ ਰਾਖਈ ॥***
***ਬੈਦਕ ਅਨਿਕ ਉਪਾਵ ਕਹਾਂ ਲਉ ਭਾਖਈ ॥***
***ਏਕੋ ਚੇਤਿ ਗਵਾਰ ਕਾਜਿ ਤੇਰੈ ਆਵਈ ॥***
***ਹਰਿਹਾਂ ਬਿਨੁ ਨਾਵੈ ਤਨੁ ਛਾਰੁ ਬ੍ਰਿਥਾ ਸਭੁ ਜਾਵਈ ॥੨੧॥***
*(ਅੰਗ ੧੩੬੩)*

ਆਮ ਲੋਕ ਇਹ ਖਿਆਲ ਕਰਦੇ ਹਨ ਕਿ ਭਗਤੀ ਕਰਨ ਦਾ ਸਮਾਂ ਬੁਢੇਪੇ ਦਾ ਹੈ। ਸੇਖ ਫਰੀਦ ਜੀ ਫ਼ਰਮਾਉਂਦੇ ਹਨ ਬਚਪਨ ਤੋਂ ਬੁਢੇਪੇ ਦਾ ਸਾਰਾ ਸਮਾਂ ਹੀ ਭਗਤੀ ਕਰਨ ਦਾ ਸੀ ਪਰ ਜਦੋਂ ਇਸਦਾ ਅਸਲ ਖੱਟੀ (ਭਗਤੀ) ਖਟਣ ਦਾ ਵੇਲਾ ਸੀ ਤਦੋਂ ਇਹ ਦੁਨੀਆਂ ਨਾਲ ਹੀ ਮਸਤ ਰਿਹਾ। ਇਸ ਤਰ੍ਹਾਂ ਮੌਤ ਦੀ ਨੀਂਹ ਪੱਕੀ ਹੁੰਦੀ ਗਈ, ਸਮਾਂ ਨੇੜੇ ਆ ਗਿਆ ਤਾਂ ਇੱਥੋਂ ਕੂਚ ਕਰਨਾ ਪੈ ਗਿਆ। ਮਾੜੇ ਚੰਗੇ ਕਰਮਾਂ ਦੇ ਭਾਰ ਨਾਲ ਲੱਦਿਆ ਮਨੁੱਖ ਨੂੰ ਤੁਰਨਾ ਪੈਂਦਾ ਹੈ। ਜਿਵੇਂ ਇੱਕ ਗੱਡਾ ਜਦੋਂ ਭਾਰ ਨਾਲ ਲੱਦਿਆ ਜਾਂਦਾ ਹੈ ਤਾਂ ਤੋਰ ਦਿੱਤਾ ਜਾਂਦਾ ਹੈ।

***ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ ॥***
***ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ ॥੮॥***
*(ਅੰਗ ੧੩੭੮)*

ਦੁਨੀਆਂ ਦੇ ਧੰਦਿਆਂ ਵਿੱਚ ਫਸਿਆ ਹੋਇਆ, ਜੀਵ ਜਦੋਂ ਮਰਦਾ ਹੈ ਤਾਂ ਇਸ ਦੇ ਗਲ ਵਿੱਚ ਸੰਗਲ ਪਾ ਕੇ ਅੱਗੇ ਲਾ ਲਿਆ ਜਾਂਦਾ ਹੈ। ਧਰਮਰਾਜ ਦੇ ਦਰਬਾਰ ਵਿੱਚ ਰੱਬ ਦੀ ਕੀਰਤੀ ਰੂਪ ਕਮਾਈ ਹੀ ਕਬੂਲੀ ਜਾਂਦੀ ਹੈ। ਉੱਥੇ ਜੀਵ ਦੇ ਕੀਤੇ ਕਰਮਾਂ ਦਾ ਹਿਸਾਬ ਚੰਗੀ ਤਰ੍ਹਾਂ ਇਸਨੂੰ ਸਮਝਾ ਦਿੱਤਾ ਜਾਂਦਾ ਹੈ।

ਮਾਇਆ ਦੇ ਭੋਗਾਂ ਵਿੱਚ ਫਸੇ ਰਹਿਣ ਕਰਕੇ ਉੱਥੇ ਮਾਰ ਪੈਂਦੇ ਨੂੰ ਕਿਤੇ ਢੋਈ ਨਹੀਂ ਮਿਲਦੀ। ਉਸ ਵੇਲੇ ਇਸ ਦੀ ਕੋਈ ਵੀ ਕੂਕ ਪੁਕਾਰ ਸੁਣੀ ਨਹੀਂ ਜਾਂਦੀ। ਮੂਰਖ ਮਨ ਵਾਲਾ ਮਨੁੱਖ ਜਨਮ ਅਜਾਈਂ ਗਵਾ ਲੈਂਦਾ ਹੈ।

*ਪ੍ਰਮਾਣ :*

***ਪਉੜੀ***

***ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥***
***ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥***
***ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥***
***ਮਨਿ ਅੰਧੈ ਜਨਮੁ ਗਵਾਇਆ ॥੩॥***
*(ਅੰਗ ੪੬੪)*

ਇਸ ਕਰਕੇ ਨੌਵੇਂ ਪਾਤਸ਼ਾਹ ਜੀ ਚੌਥੇ ਸਲੋਕ ਵਿੱਚ ਸਮਝਾ ਰਹੇ ਹਨ ਕਿ ਹੇ ਕਮਲੇ ਪੁਰਸ਼! ਤੇਰਾ ਅੰਤ ਨੇੜੇ ਹੈ। ਤੂੰ ਪਰਮੇਸ਼ਰ ਦਾ ਸਿਮਰਨ ਕਿਉਂ ਨਹੀਂ ਕਰਦਾ।

*-ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ*

❖❖❖

# ਅਧਿਆਤਮਿਕ ਵਿਚਾਰਾਂ

## ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

*—ਸੰਪਾਦਕ*

494

ਜਿਹੜਾ ਆਪਣੇ ਗੁਰੂ ਨੂੰ ਪਛਾਣ ਲੈਂਦਾ ਹੈ, ਉਸਦਾ ਅੰਮ੍ਰਿਤ ਵੇਲਾ ਕਦੀ ਟੁੱਟਦਾ ਹੀ ਨਹੀਂ।

495

ਜਿਹੜਾ ਆਪਣੇ ਗੁਰੂ ਨੂੰ ਪਛਾਣ ਲੈਂਦਾ ਹੈ, ਉਸਦੀ ਲਿਵ ਦੀ ਤਾਰ ਕਦੇ ਢਿੱਲੀ ਨਹੀਂ ਪੈਂਦੀ।

496

ਕੋਸ਼ਿਸ਼ ਕਰੋ, ਖਿੰਡੀ-ਪੁੰਡੀ ਭਗਤੀ ਨਾ ਕੀਤੀ ਜਾਵੇ। ਬੱਝਵੀਂ ਭਗਤੀ ਦਾ ਸਮਾਂ ਗੁਰੂ ਨੂੰ ਦਿੱਤਾ ਜਾਵੇ। ਬੱਝਵੀਂ ਭਗਤੀ ਹੁੰਦੀ ਹੈ, ਇੱਕ ਜਗ੍ਹਾ ਬੈਠ ਕੇ ਬਾਣੀ ਪੜ੍ਹਨੀ, ਨਾਮ ਜਪਣਾ।

497

ਕੀਰਤਨ ਇਹੋ ਜਿਹੀ ਮੋਹਲੇਧਾਰ ਬਾਰਸ਼ ਹੈ ਕਿ ਪਾਪੀ ਹਿਰਦਾ ਵੀ ਕੀਰਤਨ ਵਿੱਚ ਭਿੱਜ ਜਾਂਦਾ ਹੈ ਭਾਵ ਜੁੜ ਜਾਂਦਾ ਹੈ।



## ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸਕ*

***ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-***

ਪਰਮੇਸ਼ਰ ਦੀ ਕਿਰਪਾ ਨਾਲ ਹੀ ਪਰਮਾਰਥ ਦੇ ਰਸਤੇ ਦੇ ਪਾਂਧੀ ਬਣਿਆ ਜਾਂਦਾ ਹੈ। ਜਿਸ ਤੇ ਕਿਰਪਾ ਵਧੇਰੀ ਹੋਵੇ, ਉਹ ਦੂਸਰਿਆਂ ਨੂੰ ਜੋੜਨ ਦੀ ਭਾਵਨਾ ਨਾਲ ਸ਼ੁਭ ਉੱਦਮ ਕਰਦਾ ਹੈ। ਪਿੰਡ ਰੁੜਕੇ ਦੇ ਅਜਿਹੇ ਸ਼ੁਭ ਉੱਦਮੀਆਂ ਨੇ ਰਲ ਕੇ ਪਿੰਡ ਵਿੱਚ ਦੀਵਾਨ ਸਜਾਉਣ ਦਾ ਉਪਰਾਲਾ ਕੀਤਾ। ਕਰਮਸਰ ਰਾੜਾ ਸਾਹਿਬ ਜਾ ਕੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ। ਸਮਾਂ ਮਿਲ ਗਿਆ।

ਨੀਯਤ ਸਮੇਂ ਅਨੁਸਾਰ ਰੁੜਕੇ ਪਿੰਡ ਵਿੱਚ ਦੀਵਾਨ ਸਜੇ। ਸੰਗਤ ਦੀਵਾਨ ਵਿੱਚ ਹਾਜ਼ਰੀ ਭਰ ਕੇ ਲਾਹੇ ਪ੍ਰਾਪਤ ਕਰ ਰਹੀ ਸੀ। ਕੁਝ ਪ੍ਰੇਮੀਆਂ ਵੱਲੋਂ ਮਹਾਂਪੁਰਖਾਂ ਨੂੰ ਘਰ ਲੈ ਜਾਣ ਵਾਸਤੇ ਅਰਜ ਕੀਤੀ ਗਈ। ਭਾਵਨਾ ਦੇਖਦਿਆਂ ਬਾਬਾ ਜੀ ਨੇ ਸਮਾਂ ਦੇ ਦਿੱਤਾ। ਇਨ੍ਹਾਂ ਵਿੱਚੋਂ ਇੱਕ ਪ੍ਰੇਮੀ ਦਾ ਨਾਂ ਫੁੰਮਣ ਸਿੰਘ ਸੀ। ਬਾਬਾ ਜੀ ਉਸਦੇ ਘਰ ਆਏ ਤਾਂ ਉਸਨੇ ਬਹੁਤ ਪਿਆਰ ਨਾਲ ਜਲ-ਪਾਣੀ ਦੀ ਸੇਵਾ ਕੀਤੀ।

ਫੁੰਮਣ ਸਿੰਘ ਦਾ ਪੁੱਤਰ ਉਜਾਗਰ ਸਿੰਘ ਜੋ ਉਸ ਸਮੇਂ 12-13 ਸਾਲਾਂ ਦਾ ਸੀ, ਉਸਦਾ ਸਿਰ 2-3 ਵਰ੍ਹਿਆਂ ਤੋਂ ਦਰਦ ਕਰਦਾ ਸੀ। ਪਿੰਡ ਵਿੱਚ ਸਕੂਲ ਨਾ ਹੋਣ ਕਾਰਨ ਪ੍ਰਾਇਮਰੀ ਜਮਾਤਾਂ ਡੇਹਲੋਂ ਪੜ੍ਹਿਆ ਸੀ ਅਤੇ ਹੁਣ ਘਵੱਦੀ ਵਿਖੇ ਸੱਤਵੀਂ ਜਮਾਤ ਦਾ ਵਿਦਿਆਰਥੀ ਸੀ। ਸਿਰ ਦਰਦ ਦਾ ਬਹੁਤ ਇਲਾਜ ਕਰਵਾਇਆ, ਬੜੀਆਂ ਦਵਾਈਆਂ ਖਾਧੀਆਂ ਪਰ ਅਰਾਮ ਨਾ ਆਇਆ।

"ਚੰਗਾ ਭਾਈ!" ਫੁੰਮਣ ਸਿੰਘ ਵੱਲੋਂ ਪੁੱਤਰ ਦੇ ਸਿਰ ਦਰਦ ਬਾਰੇ ਬੇਨਤੀ ਕਰਨ ਤੇ ਮਹਾਂਪੁਰਖਾਂ ਨੇ ਬਚਨ ਕੀਤਾ, "ਇਹ ਕਰਮਸਰ ਆ ਕੇ ਲੰਗਰ ਦੀ ਸੇਵਾ ਕਰੇ, ਦਰਦ ਠੀਕ ਹੋ ਜਾਵੇਗਾ।"

ਬਚਨ ਅਨੁਸਾਰ ਉਜਾਗਰ ਸਿੰਘ ਜਦ ਕਰਮਸਰ ਰਾੜਾ ਸਾਹਿਬ ਪਹੁੰਚਿਆ, ਸਿਰ ਦਰਦ ਉਸੇ ਵੇਲੇ ਦੂਰ ਹੋ ਗਿਆ। ਉਜਾਗਰ ਸਿੰਘ ਦੇ ਮਨ ਵਿੱਚ ਐਸਾ ਪ੍ਰੇਮ ਜਾਗਿਆ ਕਿ ਪੜ੍ਹਾਈ ਆਦਿ ਵਿੱਚੋਂ ਸਮਾਂ ਮਿਲਣ ਤੇ ਲੰਗਰ ਵਿੱਚ ਆ ਕੇ ਸੇਵਾ ਕਰਨ ਲੱਗਾ।

ਛੋਟੇ ਅਤੇ ਵੱਡੇ ਦੋਨੋਂ ਮਹਾਂਪੁਰਖਾਂ ਦੀ ਕਰਨੀ ਕਮਾਈ ਦਾ ਐਸਾ ਪਰਤਾਪ ਸੀ ਕਿ ਇਲਾਕੇ ਵਿੱਚ ਪਿੰਡਾਂ ਦੇ ਨਿਵਾਸੀ ਆਪ ਜੀਆਂ ਦਾ ਬਹੁਤ ਸਤਿਕਾਰ ਕਰਦੇ ਸਨ। ਇੱਕ ਦਿਨ ਲਗਭਗ 50-60 ਸਰੀਰ ਇਕੱਠੇ ਹੋ ਕੇ ਮਹਾਂਪੁਰਖਾਂ ਪਾਸ ਆਏ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਪੁਲਿਸ ਕਪਤਾਨ ਕਰਮ ਸਿੰਘ ਜੋ ਲਲਤੋਂ ਦਾ ਸੀ, ਆਪਣੇ ਨਾਨਕੇ ਪਿੰਡ ਕਟਾਹਰੀ ਰਹਿ ਰਿਹਾ ਸੀ। ਕੁਝ ਹੀ ਅਰਸੇ ਤੋਂ ਆਸੇ-ਪਾਸੇ ਪਿੰਡਾਂ ਵਾਲਿਆਂ ਨੂੰ ਪ੍ਰੇਰ ਰਿਹਾ ਸੀ ਕਿ ਇਲਾਕੇ ਵਿੱਚ ਸਕੂਲ ਬਣਾਇਆ ਜਾਵੇ ਤਾਂ ਜੋ ਬੱਚਿਆਂ ਨੂੰ ਪੜ੍ਹਨ ਵਾਸਤੇ ਦੂਰ-ਦੂਰ ਨਾ ਜਾਣਾ ਪਵੇ। ਵਾਰ-ਵਾਰ ਪ੍ਰੇਰਨਾ ਕਰਨ ਤੇ ਕੁਝ ਸਹਿਮਤੀ ਬਣੀ। ਕੁਝ ਮਾਇਆ ਵੀ ਇਕੱਠੀ ਹੋਈ। ਹੁਣ ਇਲਾਕੇ ਦੇ ਪਿੰਡਾਂ ਤੋਂ ਇਕੱਤਰ ਹੋ ਕੇ ਆਏ ਪ੍ਰੇਮੀਆਂ ਨੇ ਬਾਬਾ ਜੀ ਨੂੰ ਇਸ ਸੇਵਾ ਦੀ ਅਗਵਾਈ ਕਰਨ ਦੀ ਬੇਨਤੀ ਕੀਤੀ।

ਬਾਬਾ ਜੀ ਨੇ ਆਖਿਆ, "ਵੇਖੋ ਭਾਈ! ਇਹ ਖਿੰਡਾਓ ਵਾਲਾ ਭਾਰ ਸਾਡੇ ਕੋਲੋਂ ਨਹੀਂ ਚੁੱਕਿਆ

ਜਾਂਦਾ। ਸਾਡੇ ਇੱਥੇ ਤਾਂ ਰੂਹਾਨੀ ਪੜ੍ਹਾਈ ਦਾ ਕਾਲਜ ਚੱਲ ਰਿਹਾ ਹੈ। ਗੁਰੂ ਕਾ ਲੰਗਰ ਚਲਦਾ ਹੈ। ਬੱਚਿਆਂ ਦੀ ਪੜ੍ਹਾਈ ਲਈ ਤੁਹਾਡਾ ਉਪਰਾਲਾ ਬੜਾ ਨੇਕ ਹੈ। ਤੁਸੀਂ ਸਾਰੇ ਇਲਾਕੇ ਦੇ ਪਤਵੰਤੇ ਇਕੱਤਰ ਹੋਏ ਹੋ, ਰਲ ਕੇ ਉੱਦਮ ਕਰੋ। ਇੱਥੇ ਜੋ ਸੰਗਤ ਵੱਲੋਂ ਮਾਇਆ ਆਉਂਦੀ ਹੈ, ਉਹ ਸੇਵਾ ਲਈ ਹੀ ਹੈ ਅਤੇ ਸੇਵਾ ਵਿੱਚ ਹੀ ਲੱਗਦੀ ਹੈ। ਸਕੂਲ ਦੀ ਸੇਵਾ ਵਿੱਚ ਜਿੰਨੀ ਲੋੜੀਂਦੀ ਹੈ ਇੱਥੋਂ ਲਾ ਲਓ।" ਬਾਬਾ ਜੀ ਨੇ ਬਚਨ ਕੀਤਾ।

"ਬਾਬਾ ਜੀ! ਕੁਝ ਬੇਨਤੀਆਂ ਨੇ। ਇੱਕ ਤਾਂ ਇਹ ਸਾਂਝਾ ਕੰਮ ਹੈ, ਸਾਰੇ ਇਲਾਕੇ ਦਾ ਕੰਮ ਹੈ। ਆਗੂਆਂ ਤੇ ਬੇਵਿਸ਼ਵਾਸੀ ਆ ਜਾਣਾ ਆਮ ਲੋਕਾਂ ਲਈ ਸਧਾਰਨ ਗੱਲ ਹੈ। ਦੂਸਰੇ ਪਾਸੇ ਹਰ ਕੋਈ ਆਗੂ ਬਣਨਾ ਲੋਚਦਾ ਹੁੰਦਾ ਹੈ। ਮਾਇਆ ਦਾ ਕੰਮ ਹੈ, ਮਾਇਆ ਤਾਂ ਵੱਡੇ-ਵੱਡਿਆਂ ਨੂੰ ਭੁਲਾ ਦਿੰਦੀ ਹੈ। ਇਹ ਪੁੰਨ ਦਾ ਕੰਮ ਹੈ। ਇੱਕ ਦੂਜੇ ਤੇ ਨਜਾਇਜ਼ ਤੁਹਮਤਾਂ ਜਾਂ ਬੇਵਿਸ਼ਵਾਸੀਆਂ ਵਿੱਚ ਹੀ ਉਲਝ ਕੇ ਨਾ ਰਹਿ ਜਾਵੇ। ਆਪ ਜੀ ਕਿਰਪਾ ਕਰੋ, ਮਾਇਆ ਦੀ ਸੰਭਾਲ ਕਰੋ। ਜੋ ਉਗਰਾਹੀ ਹੋਵੇ ਆਪ ਜੀ ਪਾਸ ਜਮ੍ਹਾਂ ਕਰਵਾ ਜਾਇਆ ਕਰਾਂਗੇ, ਲੋੜ ਪੈਣ ਤੇ ਲੈ ਜਾਇਆ ਕਰਾਂਗੇ।" ਆਏ ਪ੍ਰੇਮੀਆਂ ਵਿੱਚੋਂ ਇੱਕ ਨੇ ਕਿਹਾ। ਬਾਬਾ ਜੀ ਮੁਸਕਰਾਏ ਅਤੇ ਬਚਨ ਕੀਤਾ, "ਇਹ ਕਲਰਕੀ ਦਾ ਕੰਮ ਤਾਂ ਬਈ ਬੜਾ ਹੀ ਔਖਾ ਹੈ।"

ਹੁਣ ਆਏ ਪ੍ਰੇਮੀਆਂ ਨੇ ਕੋਲ ਹੀ ਬੈਠੇ ਬਾਬਾ ਕਿਸ਼ਨ ਸਿੰਘ ਜੀ ਨੂੰ ਬੇਨਤੀ ਕੀਤੀ। ਬਾਬਾ ਕਿਸ਼ਨ ਸਿੰਘ ਜੀ ਨੇ ਐਸੀ ਵਿਉਂਤ ਦੱਸੀ ਜਿਸ ਨਾਲ ਸਾਰੇ ਸਹਿਮਤ ਸਨ। ਉਹ ਇਹ ਸੀ ਕਿ ਮਾਇਆ ਬੈਂਕ ਵਿੱਚ ਜਮ੍ਹਾਂ ਕਰਵਾ ਦਿੱਤੀ ਜਾਵੇ ਅਤੇ ਜਿਵੇਂ-ਜਿਵੇਂ ਖਰਚਾ ਹੋਵੇ, ਕਢਵਾ ਕੇ ਅਦਾਇਗੀ ਕੀਤੀ ਜਾਵੇ। ਇਵੇਂ ਹੀ ਕੀਤਾ ਗਿਆ। ਬਾਬਾ ਕਿਸ਼ਨ ਸਿੰਘ ਜੀ ਨੇ ਆਪ ਨਾਲ ਜਾ ਕੇ ਦੋਰਾਹੇ ਬੈਂਕ ਵਿੱਚ ਸਕੂਲ ਦਾ ਖਾਤਾ ਖੁਲਵਾ ਦਿੱਤਾ।

ਪਹਿਲਾਂ-ਪਹਿਲਾਂ ਪਿੰਡਾਂ ਵਿੱਚੋਂ ਉਗਰਾਹੀ ਬਹੁਤ ਘੱਟ ਸੀ। ਬਾਬਾ ਕਿਸ਼ਨ ਸਿੰਘ ਜੀ ਦੀ ਪ੍ਰੇਰਨਾ ਸਦਕਾ ਪਿੰਡਾਂ ਵਿੱਚੋਂ ਸੇਵਾ ਆਉਣ ਲੱਗੀ। ਦਿੱਲੀ, ਕਲਕੱਤਾ ਆਦਿ ਤੋਂ ਵੀ ਸੇਵਾ ਆਉਣ ਲੱਗੀ। ਕਈ ਪ੍ਰੇਮੀਆਂ ਵੱਲੋਂ ਜ਼ਮੀਨ ਸੇਵਾ ਵਿੱਚ ਭੇਂਟ ਕੀਤੀ ਗਈ। ਸਕੂਲ ਦੀ ਇਮਾਰਤ ਬਣਨ ਲੱਗੀ। ਇਸ ਦੌਰਾਨ ਰਾੜਾ ਸਾਹਿਬ ਅਸਥਾਨ ਤੇ ਇੱਕ ਪਾਸੇ ਛੱਪਰ ਹੇਠ ਜਮਾਤਾਂ ਸ਼ੁਰੂ ਹੋ ਗਈਆਂ।

ਸਕੂਲ ਦਾ ਨਾਮ 'ਗੁਰੂ ਨਾਨਕ ਖਾਲਸਾ ਹਾਈ ਸਕੂਲ' ਰੱਖਿਆ ਗਿਆ। ਇਮਾਰਤ ਦੀ ਸੇਵਾ ਆਰੰਭ ਹੋਣ ਅਤੇ ਕੁਝ ਕਮਰੇ ਬਣ ਜਾਣ ਤੇ ਜਮਾਤਾਂ ਇਮਾਰਤ ਵਿੱਚ ਸ਼ੁਰੂ ਹੋ ਗਈਆਂ। ਇਲਾਕੇ ਵਿੱਚ ਸਕੂਲ ਖੁੱਲ੍ਹ ਜਾਣ ਨਾਲ ਵਿੱਦਿਆ ਦਾ ਪ੍ਰਸਾਰ ਵੀ ਵਧਿਆ।

ਮਹਾਂਪੁਰਖਾਂ ਦਾ ਜੀਵਨ ਕੈਸਾ ਹੁੰਦਾ ਹੈ, ਇਸ ਗੱਲ ਦਾ ਹਰ ਕਿਸੇ ਦਾ ਆਪਣਾ ਅੰਦਾਜ਼ਾ ਹੋਇਆ ਕਰਦਾ ਹੈ ਪਰ ਅਸਲੀਅਤ ਸਿਰਫ ਅਨੁਭਵ ਵਾਲੇ ਜਾਣਦੇ ਹਨ। ਬਾਕੀਆਂ ਦੀ ਆਪੋ ਆਪਣੀ ਸੋਚ ਸਮਝ ਹੁੰਦੀ ਹੈ।

(ਬਾਬਾ) ਵਰਿਆਮ ਸਿੰਘ ਜੀ (ਰਤਵਾੜਾ ਸਾਹਿਬ ਵਾਲਿਆਂ) ਨੇ ਇੱਕ ਦਿਨ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਦਿੱਲੀ ਤੋਂ ਇੱਕ ਪ੍ਰੇਮੀ ਆਪ ਜੀ ਦੀ ਜੀਵਨੀ ਲਿਖਣਾ ਚਾਹੁੰਦਾ ਹੈ। ਬਾਬਾ ਜੀ ਮੁਸਕਰਾਏ ਅਤੇ ਬਚਨ ਕੀਤਾ, "ਜੀਵਨੀ ਇਹ ਨਹੀਂ ਹੁੰਦੀ ਕਿ ਇੱਥੇ ਗਏ, ਉੱਥੇ ਗਏ, ਦੀਵਾਨ ਵਿੱਚ ਕੀਰਤਨ ਕੀਤਾ।" "ਫਿਰ ਬਾਬਾ ਜੀ! ਜੀਵਨੀ ਕਿਵੇਂ ਲਿਖੀ ਜਾਂਦੀ ਹੈ?" (ਬਾਬਾ) ਵਰਿਆਮ ਸਿੰਘ ਜੀ ਨੇ ਪੁੱਛਿਆ। ਮਹਾਂਪੁਰਖਾਂ ਨੇ ਬਚਨ ਕੀਤਾ, "ਅਸਲ ਗੱਲ ਤਾਂ ਅੰਦਰਲੀ ਖੇਡ ਹੁੰਦੀ ਹੈ।"

ਮਹਾਂਪੁਰਖਾਂ ਦੇ ਇਹ ਬਚਨ ਸੁਣਕੇ (ਬਾਬਾ) ਵਰਿਆਮ ਸਿੰਘ ਜੀ, ਬਾਬਾ ਈਸ਼ਰ ਸਿੰਘ ਜੀ ਦੇ ਬਚਨ ਹਿਰਦੇ ਰੂਪ ਝੋਲੀ ਵਿੱਚ ਸੰਭਾਲਣ ਲਈ ਤਿਆਰ ਹੋ ਗਏ। ਮਹਾਂਪੁਰਖ ਅਜਿਹੇ ਭੇਦ ਅਧਿਕਾਰੀ ਤੋਂ ਬਿਨਾਂ ਨਹੀਂ ਖੋਲ੍ਹਦੇ। ਉੱਤਮ ਅਧਿਕਾਰੀ ਹੀ ਅਜਿਹੇ ਬਚਨਾਂ ਨੂੰ ਹਿਰਦੇ ਵਿੱਚ

ਸੰਭਾਲ ਲੈਂਦਾ ਹੈ, ਭਾਵੇਂ ਉਸਨੂੰ ਭੇਦਾਂ ਦਾ ਅਨੁਭਵ ਹੋ ਵੀ ਗਿਆ ਹੋਵੇ, ਫਿਰ ਵੀ ਉਹ ਪੂਰਨ ਸ਼ਰਧਾ ਨਾਲ ਬਚਨ ਸੁਣਦਾ ਹੈ ਅਤੇ ਉਨ੍ਹਾਂ ਬਚਨਾਂ ਵਿੱਚੋਂ ਵੀ ਬਖਸ਼ਿਸ਼ਾਂ ਲੈ ਕੇ ਸ਼ਰਸ਼ਾਰ ਹੁੰਦਾ ਹੈ। ਮਹਾਂਪੁਰਖਾਂ ਨੇ ਦੱਸਿਆ ਕਿ ਜਦ ਪਟਿਆਲਾ ਵਿਖੇ ਮਾਡਲ ਹਾਈ ਸਕੂਲ ਵਿੱਚ ਛੇਵੀਂ ਜਮਾਤ ਵਿੱਚ ਦਾਖਲ ਹੋਏ ਤਾਂ ਇੱਕ ਦਿਨ ਸਕੂਲ ਵਿੱਚ ਸਿੰਧੀ ਮਹਾਂਪੁਰਖ ਟੀ ਵਾਸਵਾਨੀ ਆਏ। ਉਨ੍ਹਾਂ ਨੇ ਬੱਚਿਆਂ ਨੂੰ ਜਪੁਜੀ ਸਾਹਿਬ ਦੀ ਬਾਣੀ ਕੰਠ ਕਰਨ ਲਈ ਪ੍ਰੇਰਿਆ ਅਤੇ ਨੇਮ ਨਾਲ ਬਾਣੀ ਦਾ ਪਾਠ ਕਰਨ ਦਾ ਬਚਨ ਕੀਤਾ। ਮਹਾਂਪੁਰਖਾਂ ਨੇ ਇਹ ਬਚਨ ਕਮਾਇਆ। ਅੰਮ੍ਰਿਤ ਵੇਲੇ ਸੁਧਾਸਰ ਸਰੋਵਰ ਦੇ ਕੰਢੇ ਬੈਠ ਕੇ ਪਾਠ ਕਰਦੇ। ਜਲਦੀ ਹੀ ਇਹ ਅਵਸਥਾ ਪ੍ਰਗਟ ਹੋ ਗਈ ਕਿ ਨੇਤਰ ਮੀਟ ਕੇ ਪਹਿਲਾਂ ਸਿਮਰਨ ਕਰਨਾ, ਸੁਰਤੀ ਵਿੱਚ ਹੀ ਬਾਣੀ ਦਾ ਪਾਠ ਹੋਣਾ, ਜਿਸ ਵਿੱਚ ਅਕਹਿ ਰਸ ਆਉਣਾ। ਰੇਰੂ ਸਾਹਿਬ ਵਾਲੇ ਮਹਾਂਪੁਰਖਾਂ ਦੀ ਸੰਗਤ ਅਤੇ ਸੇਵਾ ਪ੍ਰਾਪਤ ਹੋਣ ਤੋਂ ਲੈ ਕੇ ਨੌਂ ਸਾਲਾਂ ਤੱਕ ਪਿੱਠ ਧਰਤੀ ਨੂੰ ਨਹੀਂ ਲਾਈ। ਅੱਠੇ ਪਹਿਰ ਸੇਵਾ ਅਤੇ ਸਿਮਰਨ। ਬੈਠੇ-ਬੈਠੇ ਹੀ ਕੁਝ ਪਲ ਅਰਾਮ ਕਰ ਲੈਣਾ। ਘਾਲਣਾ ਘਾਲਦਿਆਂ ਤੋਂ ਰਿਧੀਆਂ-ਸਿਧੀਆਂ ਪਹਿਲਾਂ ਰੂਪ ਧਾਰ-ਧਾਰ ਕੇ ਮੋਹ ਲੈਣ ਦੇ ਮੰਤਵ ਨਾਲ ਆਈਆਂ। ਫਿਰ ਹੱਥ ਜੋੜ-ਜੋੜ ਸੇਵਾ ਲਈ ਬੇਨਤੀ ਕਰਨ ਲੱਗੀਆਂ ਪਰ ਮਹਾਂਪੁਰਖਾਂ ਨੂੰ ਐਨਾ ਵੈਰਾਗ ਸੀ ਕਿ ਉਨ੍ਹਾਂ ਵੱਲ ਧਿਆਨ ਹੀ ਨਹੀਂ ਗਿਆ। ਬਚਨ ਕਰਦਿਆਂ ਮਹਾਂਪੁਰਖਾਂ ਨੇ ਕੁਝ ਹੋਰ ਗੁਹਝ ਬਚਨ ਕੀਤੇ ਅਤੇ ਫਿਰ ਕਿਹਾ, "ਅਸਲੀ ਜੀਵਨੀ ਅਨੁਭਵ ਵਾਲਾ ਹੀ ਲਿਖ ਸਕਦਾ ਹੈ।"

---

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਸਿਫਤਿ ਸਾਲਾਹ ਦੇ ਬੈਂਕ ਖਾਤੇ ਵਿੱਚ ਕੈਸ਼ ਜਮ੍ਹਾਂ ਨਾ ਕਰਵਾਇਆ ਜਾਵੇ ਕਿਉਂਕਿ ਜਦੋਂ ਵੀ ਤੁਸੀਂ ਕੈਸ਼ ਜਮ੍ਹਾਂ ਕਰਵਾਉਂਦੇ ਹੋ ਤੇ 60/- ਰੁਪਏ ਬੈਂਕ ਵੱਲੋਂ ਕੱਟ ਲਏ ਜਾਂਦੇ ਹਨ। ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਪੈਸੇ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
**ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।**

1) ਬੈਂਕ ਡਰਾਫਟ ਜਾਂ ਚੈੱਕ ਰਾਹੀਂ
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245 ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। ਪਤਾ ਲਿਖਨ ਲੱਗਿਆ Pin Code No. ਲਿਖ ਕੇ ਜ਼ਰੂਰ ਭੇਜੋ ਜੀ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ (ਦੇਸ਼) | |
|---|---|
| ਇੱਕ ਸਾਲ | 150+35=185/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

ਭਾਈ ਸਾਹਿਬ
ਭਾਈ ਗੁਰਇਕਬਾਲ ਸਿੰਘ ਜੀ
ਦੁਆਰਾ ਦਿੱਤੇ ਗਏ ਪ੍ਰੋਗਰਾਮ
ਦਾ ਉਤਾਰਾ (ਵੀ.ਸੀ.ਡੀ. 431)

# ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾਸਤਾਨ

*—ਜਸਵਿੰਦਰ ਸਿੰਘ*
*(ਪਟਿਆਲਾ)*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਪੀਰ-ਏ ਹਿੰਦ ਮੇਂ ਰਵਤ***

ਫਾਰਸੀ ਦੇ ਲਫਜ਼ ਹਨ। ਇਸ ਦਾ ਅਰਥ ਹੈ, ਹਿੰਦ ਦਾ ਪੀਰ ਗੜ੍ਹੀ ਛੱਡ ਕੇ ਜਾ ਰਿਹਾ ਹੈ। ਉੱਚੀ ਅਵਾਜ਼ ਦੇ ਕੇ ਗਏ। ਲੁਕ ਕੇ ਨਹੀਂ ਗਏ। ਨਾਲ ਕੌਣ ਹਨ, ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਮਾਨ ਸਿੰਘ ਜੀ। ਭਾਈ ਸੰਗਤ ਸਿੰਘ ਜੀ ਦਾ ਚਿਹਰਾ ਗੁਰੂ ਸਾਹਿਬ ਨਾਲ ਰਲਦਾ ਸੀ ਤੇ ਮਹਾਰਾਜ ਜੀ ਨੇ ਆਪਣੇ ਵਰਗਾ ਦਸਤਾਰਾ, ਕਲਗੀ, ਦੋ ਸਿੰਘਾਂ ਦੀ ਡਿਊਟੀ ਨੁੱਕਰਾਂ ਤੇ ਲਗਾਈ, ਨਗਾਰੇ ਵਜਾਉਣੇ ਹਨ। ਨਾਲ 2300 ਤੀਰ ਦਿੱਤਾ। ਭਾਈ ਸੰਗਤ ਸਿੰਘ ਜੀ ਨੂੰ ਕਹਿੰਦੇ ਕਿ ਤੁਸੀਂ ਪਿੱਛੇ ਗੜ੍ਹੀ ਵਿੱਚ ਇੱਕ-ਇੱਕ ਕਰਕੇ ਤੀਰ ਸਿਮਰਨ ਕਰਦਿਆਂ ਚਲਾਈ ਜਾਣੇ ਹਨ। ਨਗਾਰਚੀ ਨੂੰ ਕਿਹਾ ਕਿ ਤੁਸੀਂ ਨਗਾਰੇ ਵਜਾਈ ਜਾਣੇ ਹਨ। ਦੋਹਾਂ ਦੀ ਹੋਰ ਡਿਊਟੀ ਲਗਾਈ, ਤੁਸੀਂ ਜੈਕਾਰੇ ਬੁਲਾਈ ਜਾਣੇ ਹਨ। ਤਿੰਨ ਸਿੰਘ ਨਾਲ। ਜਦੋਂ ਗੜ੍ਹੀ ਵਿੱਚੋਂ ਆਪ ਮਹਾਰਾਜ ਜੀ ਨਿਕਲੇ ਤੇ ਹੁਣ ਇੱਥੇ ਫਿਰ ਸਿੱਖਿਆ ਦੇ ਗਏ। ਕਹਿਣ ਲੱਗੇ ਸਾਰੇ ਕਿ ਮਹਾਰਾਜ ਜੀ, ਚਰਨਾਂ ਵਿੱਚ ਜੋੜਾ ਪਾ ਲਓ। ਇੱਥੇ ਕਾਫੀ ਕੁਝ ਖਿਲਰਿਆ ਪਿਆ ਹੈ। ਜੰਗ ਦਾ ਮੈਦਾਨ ਹੈ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਤੁਸੀਂ ਸੁਣਦੇ ਹੀ ਹੋ ਕਿ ਨੰਗੇਂ ਪੈਰ੍ਹੀਂ ਗਏ, ਪੈਰ੍ਹਾਂ ਵਿੱਚ ਛਾਲੇ ਪੈ ਗਏ। ਮਹਾਰਾਜ ਜੀ, ਜੰਗ ਦਾ ਮੈਦਾਨ, ਜੋੜਾ ਪਾ ਲਓ ਤੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕੀ ਆਖਿਆ? "ਮੇਰਾ ਕੋਈ ਸਿੰਘ ਸ਼ਹੀਦ ਹੋ ਕੇ ਕਿਵੇਂ ਪਿਆ ਹੈ, ਕੋਈ ਸਿੰਘ ਸ਼ਹੀਦ ਹੋ ਕੇ ਕਿਵੇਂ ਪਿਆ ਹੈ। ਜੇ ਕਿਸੇ ਦੇ ਕੇਸਾਂ ਤੇ ਮੇਰਾ ਜੋੜਾ ਲੱਗ ਗਿਆ ਤਾਂ ਮੈਂ ਲੇਖਾ ਕਿੱਥੇ ਦਿਆਂਗਾ।" ਕੇਸਾਂ ਦਾ ਕਿੰਨਾ ਸਤਿਕਾਰ ਮਹਾਰਾਜ ਜੀ ਨੇ ਕੀਤਾ ਹੈ। ਨੰਗੇਂ ਪੈਰੀਂ ਗਏ। ਜੋੜਾ ਨਹੀਂ ਪਾਇਆ। ਇੱਥੇ ਕੀ ਸਿੱਖਿਆ ਦਿੱਤੀ ਸਾਨੂੰ ਕਿ ਮੇਰਾ ਕੇਸਾਂ ਨਾਲ ਕਿੰਨਾ ਪਿਆਰ ਹੈ।

***ਕੇਸਨ ਕੀ ਕੀਜੈ ਪ੍ਰਤਿਪਾਲ।***
***ਉਸਤਰਨ ਸੇ ਨਾ ਕਟਿਓ ਬਾਲ।***
***ਇਹੋ ਮੋਹ ਆਗਿਆ ਸੁਨੋ ਹੇ ਪਿਆਰੇ।***
***ਬਿਨਾ ਤੇਗੰ ਕੇਸੰ ਦੇਵੋ ਨਾ ਦੀਦਾਰੇ।***

ਇਹ ਅੰਦਰ ਬਿਠਾਇਓ। ਗਰੀਬ ਨਿਵਾਜ ਨੇ ਗੜ੍ਹੀ ਛੱਡੀ। ਅਗਾਂਹ ਮਾਛੀਵਾੜੇ ਦੇ ਜੰਗਲ। ਉਲਾਂਭਾ ਨਹੀਂ ਦਿੱਤਾ ਰੱਬ ਨੂੰ। ਪਿਆਰ ਨਾਲ ਪੜ੍ਹਦੇ ਹੋ ਇਹ ਸ਼ਬਦ ਜੋ ਮਹਾਰਾਜ ਜੀ ਨੇ ਇੱਥੇ ਉਚਾਰਿਆ:

***ਖਿਆਲ ਪਾਤਿਸ਼ਾਹੀ ੧੦॥***
***ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥***
***ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ***
***ਨਾਗ ਨਿਵਾਸਾਂ ਦੇ ਰਹਿਣਾ॥***

*ਸੂਲ ਸੁਰਾਹੀ ਖੰਜਰੁ ਪਿਆਲਾ*
*ਬਿੰਗ ਕਸਾਈਆਂ ਦਾ ਸਹਿਣਾ॥*
*ਯਾਰੜੇ ਦਾ ਸਾਨੂੰ ਸੱਥਰੁ ਚੰਗਾ*
*ਭੱਠ ਖੇੜਿਆਂ ਦਾ ਰਹਿਣਾ॥*
*(ਸ੍ਰੀ ਦਸਮ ਗ੍ਰੰਥ ਸਾਹਿਬ)*

ਭਾਈ ਗੁਲਾਬੇ ਦੇ ਖੂਹ ਤੇ ਰੁਕੇ। ਧਰੂ ਤਾਰੇ ਦੀ ਸੇਧ ਦਿੱਤੀ ਸੀ, ਭਾਈ ਦਇਆ ਸਿੰਘ ਜੀ ਨੂੰ ਤੇ ਭਾਈ ਧਰਮ ਸਿੰਘ ਜੀ ਨੂੰ ਮਿਲਣ ਲਈ। ਵਿਛੜ ਜਾਈਏ ਤੇ ਇਸ ਦੀ ਸੇਧ ਤੇ ਆਉਣਾ ਹੈ। ਮੇਲ ਹੋ ਗਿਆ। ਉੱਚ ਦੇ ਪੀਰ ਬਣੇ। ਦੋ ਮੁਸਲਮਾਨ ਪੀਰ ਗਨੀ ਖਾਂ, ਨਬੀ ਖਾਂ, ਉਨ੍ਹਾਂ ਅੱਗੋਂ ਪਾਲਕੀ ਚੁੱਕੀ ਹੈ। ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਨੇ ਮਗਰੋਂ। ਬਹੁਤ ਸਖ਼ਤ ਪਹਿਰਾ ਸੀ। ਹੁਣ ਇੱਥੇ ਫਿਰ ਸਿੱਖਿਆ ਦੇ ਗਏ। ਦੇਖੋ! ਫੌਜ ਦੇ ਅਫਸਰ ਨੇ ਰੋਕ ਲਿਆ। ਇਹ ਕੌਣ ਜਾ ਰਿਹਾ ਹੈ? ਉਹ ਤਾਂ ਲੱਭ ਰਹੇ ਸੀ। ਤੇ ਗਨੀ ਖਾਂ, ਨਬੀ ਖਾਂ ਕਹਿੰਦੇ, ਉੱਚ ਦੇ ਪੀਰ ਜਾ ਰਹੇ ਹਨ। ਉੱਚ ਪਿੰਡ ਦਾ ਨਾਂ ਹੈ, ਉੱਥੋਂ ਦੇ ਪੀਰ ਜਾ ਰਹੇ ਹਨ। ਝੂਠ ਵੀ ਨਹੀਂ ਬੋਲਿਆ, ਅੰਦਰ ਦੀ ਭਾਵਨਾ ਸੀ ਕਿ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਭ ਤੋਂ ਉੱਚੇ ਹਨ ਤੇ ਇਹ ਉਨ੍ਹਾਂ ਦੀ ਦਸਵੀਂ ਜੋਤ 'ਉੱਚ ਦੇ ਪੀਰ' ਜਾ ਰਹੇ ਹਨ।

ਦਾਸ ਇੱਥੇ ਹੈਰਾਨ ਹੋ ਗਿਆ। ਕਾਜ਼ੀ ਪੀਰ ਮੁਹੰਮਦ ਖਾਂ ਜਿਸ ਨੇ ਕਲਗੀਧਰ ਪਿਤਾ ਜੀ ਨੂੰ ਫਾਰਸੀ ਪੜ੍ਹਾਈ ਹੈ। ਸਤਿਗੁਰੂ ਪੂਰੇ ਨੇ ਪਰ ਦੁਨਿਆਵੀਂ ਪੜ੍ਹਾਈ ਵੀ ਪੜ੍ਹੀ ਹੈ। ਕਾਜ਼ੀ ਪੀਰ ਮੁਹੰਮਦ ਖਾਂ ਜਿਸ ਕੋਲੋਂ ਮਹਾਰਾਜ ਜੀ ਨੇ ਫਾਰਸੀ ਪੜ੍ਹੀ। ਔਰ ਲਿਖਿਆ ਹੈ ਕਿ ਸਯੱਦ ਅਨਾਇਤ ਅਲੀ ਤੇ ਸਯੱਦ ਹਸਨ ਅਲੀ, ਉਸ ਫੌਜ ਦੇ ਅਫਸਰ ਨੇ ਤਿੰਨਾਂ ਨੂੰ ਜਦ ਬੁਲਾਇਆ ਕਿ ਵੇਖੋ ਇਹ ਕਿਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਾਂ ਨਹੀਂ। ਉਨ੍ਹਾਂ ਤਿੰਨਾਂ ਨੇ ਆਖਿਆ, ਇਤਨਾ ਚਿਰ ਤੂੰ ਇਨ੍ਹਾਂ ਨੂੰ ਰੋਕਿਆ ਹੈ, ਇਹ ਵੀ ਤੂੰ ਬੇਅਦਬੀ ਕੀਤੀ ਹੈ। ਇਹ ਬਹੁਤ ਵੱਡੇ ਪੀਰ ਹਨ। ਅਫਸਰ ਕਹਿੰਦਾ ਹੈ, ਜੇ ਇੰਨੇ ਵੱਡੇ ਪੀਰ ਹਨ ਤੇ ਫਿਰ ਮੈਂ ਇਨ੍ਹਾਂ ਦੀ ਸੇਵਾ ਕਰਨੀ ਹੈ। ਇੱਥੇ ਫਿਰ ਸਿੱਖਿਆ ਦੇ ਗਏ ਸਤਿਗੁਰੂ ਜੀ। ਅਫਸਰ ਕਹਿੰਦਾ ਹੈ, ਮੈਂ ਸੇਵਾ ਕਰਨੀ ਹੈ। ਗਨੀ ਖਾਂ, ਨਬੀ ਖਾਂ ਕਹਿਣ ਲੱਗੇ, ਕਿਵੇਂ ਕਰੀਏ ਤੇ ਉਨ੍ਹਾਂ ਨੇ ਇਕਦਮ ਕਹਿ ਦਿੱਤਾ ਕਿ ਪੀਰ ਜੀ ਨੇ ਰੋਜ਼ਾ ਰੱਖਿਆ ਹੈ। ਉਹ ਫੌਜ ਵਾਲੇ ਕਹਿੰਦੇ ਕਿ ਅਸੀਂ ਕੁਝ ਛਕਾਉਣਾ ਹੈ ਤੇ ਗਨੀ ਖਾਂ, ਨਬੀ ਖਾਂ ਕਹਿੰਦੇ ਕਿ ਪੀਰ ਜੀ ਨੇ ਰੋਜ਼ਾ ਰੱਖਿਆ ਹੈ। ਫੌਜ ਵਾਲੇ ਕਹਿੰਦੇ ਕਿ ਜੇ ਪੀਰ ਜੀ ਨੇ ਰੋਜ਼ਾ ਰੱਖਿਆ ਹੈ ਤੇ ਪੀਰ ਜੀ ਦੇ ਚੇਲਿਆਂ ਨੂੰ ਛਕਾ ਦਿੰਦੇ ਹਾਂ। ਇੱਥੇ ਫਿਰ ਸਿੱਖਿਆ ਹੈ। ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਪਾਲਕੀ ਦਾ ਕੱਪੜਾ ਚੁੱਕ ਕੇ ਕਹਿੰਦੇ ਹਨ, "ਮਹਾਰਾਜ ਜੀ! ਹੁਣ ਕੀ ਕਰੀਏ? ਇਹ ਜੋ ਵੀ ਮੁਗਲ ਹਨ ਆਪਣੇ ਤਰੀਕੇ ਨਾਲ ਚੀਜ਼ ਬਣਾ ਕੇ ਲਿਆਉਣਗੇ। ਮਹਾਰਾਜ ਜੀ, ਹੁਣ ਕਿਵੇਂ ਕਰਾਂਗੇ? ਉਹ ਕਹਿੰਦੇ ਹਨ ਕਿ ਚੇਲਿਆਂ ਨੂੰ ਛਕਾ ਦਿੰਦੇ ਹਾਂ।" ਇਹ ਸਿੱਖਿਆ ਹੈ। ਹੁਣ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਾਲਕੀ ਵਿੱਚ ਬੈਠਿਆਂ ਕਹਿੰਦੇ ਹਨ, ਸਿੱਖੋ! ਮੰਗਲਾਚਰਨ ਕਰਕੇ ਸ਼ਸ਼ਤਰ ਭੇਟ ਕਰ ਦੇਣਾ, ਅਪਿੱਵਤਰ ਚੀਜ਼ ਵੀ ਪਵਿੱਤਰ ਬਣ ਜਾਵੇਗੀ। ਇਹ ਸਾਡੇ ਲਈ ਬੜੀ ਵੱਡੀ ਸਿੱਖਿਆ ਹੈ।

ਹੁਣ ਅਸੀਂ ਕਈ ਵਾਰ ਸ਼ਤਾਬਦੀ ਗੱਡੀ ਵਿੱਚ ਜਾਂਦੇ ਹਾਂ, ਜਹਾਜ਼ ਵਿੱਚ ਜਾਂਦੇ ਹਾਂ ਤੇ ਲੈਣਾ ਤਾਂ Veg ਹੀ ਹੈ। ਹੁਣ ਕੋਈ ਚੀਜ਼ ਆਉਂਦੀ ਹੈ ਤੇ ਪਿੱਛੋਂ ਪਤਾ ਨਹੀਂ ਕਿਵੇਂ ਬਣੀ ਹੈ? ਸੁੱਚਮਤਾ ਹੈ ਸੀ ਕਿ ਨਹੀਂ। ਮੰਗਲਾਚਰਨ ਕਿਸ ਨੂੰ ਕਹਿੰਦੇ ਹਨ? *ੴ ਸਤਿਗੁਰ ਪ੍ਰਸਾਦਿ॥* ਇਹ ਮੰਗਲਾਚਰਨ ਹੈ। *ੴ ਸਤਿਨਾਮੁ ਗੁਰ ਪ੍ਰਸਾਦਿ॥* ਕਈ ਜਗ੍ਹਾ ਤੇ ਆਉਂਦਾ ਹੈ। ਇਹ ਵੀ ਮੰਗਲਾਚਰਨ ਹੈ। ਕਈ ਜਗ੍ਹਾ ਤੇ *ੴ* ਤੋਂ *ਗੁਰ ਪ੍ਰਸਾਦਿ* ਤੱਕ ਆਉਂਦਾ ਹੈ, ਇਹ ਵੀ ਮੰਗਲਾਚਰਨ ਹੈ। *ੴ* ਤੋਂ *ਨਾਨਕੁ ਹੋਸੀ*

*ਭੀ ਸਚੁ॥* ਇਹ ਵੀ ਮੰਗਲਾਚਰਨ ਹੈ। ਇਹ ਉਸਦੇ ਮੰਗਲ ਹਨ। ਗੁਣ। ਹੁਣ ਜਦੋਂ ਅਸੀਂ ਵੀ ਕਈ ਵਾਰ ਜਹਾਜ਼ ਵਿੱਚ ਹੁੰਦੇ ਹਾਂ, ਲੈਣਾ Veg ਖਾਣਾ ਹੀ ਹੈ। ਕੋਈ ਚੀਜ਼ ਜਦੋਂ ਆਉਂਦੀ ਹੈ ਤੇ ਫਿਰ ਕੜਾ ਜਾਂ ਕਿਰਪਾਨ ਭੇਟ ਕਰਕੇ ਭਾਵੇਂ ਪੰਜ ਵਾਰੀ ਮੂਲ ਮੰਤਰ ਪੜ੍ਹ ਲਈਦਾ ਹੈ ਕਿ ਜੇ ਕੋਈ ਕਮੀ ਵੀ ਹੋਵੇ, ਬਾਣੀ ਤੇ ਸ਼ਸ਼ਤਰ ਅਪਵਿੱਤਰ ਚੀਜ਼ ਨੂੰ ਵੀ ਪਵਿੱਤਰ ਕਰ ਦਿੰਦੇ ਹਨ। ਦੇਖੋ ਇਸ ਸਮੇਂ ਮਹਾਰਾਜ ਜੀ ਨੇ ਸਿੱਖਿਆ ਦਿੱਤੀ, ਸਿੱਖੋ! ਜੋ ਲਿਆਉਣਗੇ, ਮੰਗਲਾਚਰਨ ਪੜ੍ਹ ਕੇ ਕਿਰਪਾਨ ਭੇਟ ਕਰ ਦੇਣਾ। ਅਪਵਿੱਤਰ ਚੀਜ਼ ਵੀ ਪਵਿੱਤਰ ਹੋ ਜਾਵੇਗੀ। ਇਹ ਜਿੱਥੇ ਪਾਲਕੀ ਰੋਕੀ, ਜਿੱਥੇ ਮਹਾਰਾਜ ਜੀ ਨੇ ਕਿਹਾ ਕਿ ਇੰਝ ਕਰ ਦੇਣਾ, ਉੱਥੇ ਹੁਣ ਗੁਰਦੁਆਰਾ ਕਿਰਪਾਨ ਭੇਟ ਸਾਹਿਬ, ਮਾਛੀਵਾੜੇ ਵਿਖੇ ਸੁਸ਼ੋਭਿਤ ਹੈ।

ਹੁਣ ਮਹਾਰਾਜ ਜੀ ਅੱਗੇ ਗਏ ਹਨ, ਰਾਏਕੋਟ। ਉੱਥੋਂ ਦੀ ਥੋੜ੍ਹੀ ਜਿਹੀ ਵਾਰਤਾ ਜਦੋਂ ਨੂਰਾ ਮਾਹੀ ਨੂੰ ਭੇਜਿਆ ਹੈ ਕਿ ਸਾਹਿਬਜ਼ਾਦਿਆਂ ਦੀ ਖਬਰ ਲੈ ਕੇ ਆ। ਤਿੰਨ-ਚਾਰ ਮਿੰਟ ਦਾ ਜ਼ਿਕਰ ਹੈ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਦੇ ਸੰਬੰਧ ਵਿੱਚ। ਇੱਕ ਵਾਰ ਪੜ੍ਹ ਲਓ ਬੜੇ ਪਿਆਰ ਨਾਲ:

***ਸਿੱਖੀ ਦਾ ਬੂਟਾ ਲਾਇਆ ਬੱਚਿਆਂ ਨੂੰ ਵਾਰ ਕੇ।***
***ਲਾਲਾਂ ਨੂੰ ਵਾਰ ਕੇ, ਬੱਚਿਆਂ ਨੂੰ ਵਾਰ ਕੇ।***

ਰਾਏਕੋਟ ਪਹੁੰਚੇ। ਉੱਥੋਂ ਦਾ ਰਾਏ ਕੱਲ੍ਹਾ ਮੁਸਲਮਾਨ। ਮਹਾਰਾਜ ਜੀ ਨੇ ਕੀ ਆਖਿਆ ਕਿ ਕੋਈ ਇਹੋ ਜਿਹਾ ਬੰਦਾ ਲੱਭ ਜਿਹੜਾ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਖਬਰ ਲਿਆ ਕੇ ਦੇਵੇ। ਉਸ ਨੇ ਚੁਣਿਆ, ਨੂਰਾ ਮਾਹੀ। ਮਹਾਰਾਜ ਜੀ, ਇਹ ਠੀਕ ਰਹੇਗਾ। ਸਹੀ ਖਬਰ ਲਿਆ ਕੇ ਦੇਵੇਗਾ ਤੇ ਬਹੁਤਾ ਪਛਾਣਿਆ ਵੀ ਨਹੀਂ ਜਾਵੇਗਾ। ਮਹਾਰਾਜ ਜੀ ਕਹਿੰਦੇ, ਇਸ ਨੂੰ ਭੇਜ ਦਿਓ। ਤੇ ਉਹ ਅੱਗੋਂ ਕਹਿਣ ਲੱਗਾ, ਸਤਿਗੁਰੂ ਜੀ, ਤਿੰਨ ਦਿਨ ਲੱਗਣਗੇ। ਉੱਥੋਂ ਚਾਲੀ ਕੋਹ ਸੀ। ਸਤਿਗੁਰੂ ਜੀ ਕਹਿੰਦੇ, ਇੰਨਾ ਤਾਂ ਸਮਾਂ ਹੀ ਨਹੀਂ। ਸਾਨੂੰ ਤਾਂ ਹੈ ਕਿ ਅੱਜ ਹੀ ਜਾਵੇ ਤੇ ਅੱਜ ਹੀ ਵਾਪਸ ਆਵੇ। ਰਾਏ ਕੱਲ੍ਹੇ ਦੇ ਹੱਥ ਜੁੜ ਗਏ। ਕਹਿਣ ਲੱਗਾ ਕਿ ਆਪ ਜੀ ਸਮਰੱਥ ਹੋ। ਆਪ ਜੀ ਹੀ ਕਰਵਾ ਸਕਦੇ ਹੋ, ਇੰਨਾ ਪੈਂਡਾ ਰਾਹ ਕਿ ਅੱਜ ਹੀ ਜਾਵੇ, ਅੱਜ ਹੀ ਆਵੇ। ਨੂਰੇ ਮਾਹੀ ਨੂੰ ਬੁਲਾ ਕੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, ਅੱਜ ਹੀ ਜਾਣਾ ਹੈ, ਅੱਜ ਹੀ ਵਾਪਸ ਆਉਣਾ ਹੈ, ਖਬਰ ਲੈ ਕੇ ਆਓ, ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ।

ਫਿਰ ਮਹਾਰਾਜ ਜੀ ਨੇ ਅੱਗੋਂ ਬਚਨ ਕੀਤਾ, ਜਿਹੜੇ ਮਰਜ਼ੀ ਰਸਤੇ ਤੇ ਚਲਾ ਜਾਈਂ, ਕੋਈ ਚੀਜ਼ ਤੇਰਾ ਰਾਹ ਨਹੀਂ ਰੋਕੇਗੀ। ਇਹ ਪਹਿਲਾ ਬਚਨ ਕੀਤਾ। ਦੂਸਰਾ ਬਚਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕੀਤਾ। ਕਹਿੰਦੇ, ਤੂੰ ਜਿਧਰ ਜਾਏਂਗਾ, ਤੈਨੂੰ ਕੋਈ ਵੇਖ ਨਹੀਂ ਸਕੇਗਾ ਤੇ ਤੂੰ ਜਿਸ ਦੀ ਮਰਜ਼ੀ ਚਾਹਵੇਂ, ਗੱਲ ਸੁਣ ਸਕੇਂਗਾ। ਸਮਰੱਥ ਹਨ, ਪਿਤਾ ਜੀ। ਕੋਈ ਚੀਜ਼ ਤੇਰਾ ਰਾਹ ਨਹੀਂ ਰੋਕੇਗੀ। ਚਾਰ ਬੰਦੇ ਗੱਲ ਕਰ ਰਹੇ ਹਨ ਤੇ ਤੂੰ ਸੁਣਦਾ ਪਿਆ ਹੈਂ, ਤੈਨੂੰ ਨਹੀਂ ਵੇਖ ਸਕਣਗੇ, ਜੇ ਤੂੰ ਚਾਹੇਂਗਾ ਤੇ ਤੂੰ ਉਨ੍ਹਾਂ ਦੀ ਗੱਲ ਸੁਣ ਸਕੇਂਗਾ। ਜਾ ਅਰਦਾਸ ਕਰਕੇ ਜਾ, ਖਬਰ ਲਿਆ। ਨੂਰਾ ਮਾਹੀ ਗਿਆ। ਮਹਾਰਾਜ ਜੀ ਦਾ ਬਚਨ ਸਮਰੱਥ ਸੀ। ਜਦੋਂ ਫਿਰ ਦੁਪਹਿਰ ਤੋਂ ਥੋੜ੍ਹਾ ਉੱਤੇ ਟਾਈਮ ਹੋਇਆ, ਤਿੰਨ ਕੁ ਵਜੇ ਦਾ। ਮਹਾਰਾਜ ਜੀ ਘੜੀ ਮੁੜੀ ਕਹਿਣ, ਨੂਰਾ ਨਹੀਂ ਆਇਆ। ਮਹਾਰਾਜ ਜੀ, ਇੰਨੀ ਜਲਦੀ ਕਿੱਥੋਂ ਆ ਜਾਣਾ ਹੈ। ਰਾਏ ਕੱਲ੍ਹਾ ਨੇ ਕਿਹਾ। ਜੀ ਵੇਖੋ, ਆਇਆ ਨਾ ਹੋਵੇ। ਮਹਾਰਾਜ ਜੀ, ਨਹੀਂ ਆਇਆ। ਮਹਾਰਾਜ ਜੀ ਕਹਿੰਦੇ ਵੇਖੋ, ਕਿਧਰੇ ਨਜ਼ਰ ਨਹੀਂ ਆਉਂਦਾ ਤੇ ਮਹਾਰਾਜ ਜੀ ਨੇ ਦੂਸਰਾ ਬਚਨ ਕੀਤਾ, ਕਹਿੰਦੇ ਦਰੱਖਤ ਤੇ ਚੜ੍ਹ ਕੇ ਵੇਖੋ। ਉਦੋਂ ਮੋਬਾਇਲ ਤਾਂ ਹੈ ਹੀ ਨਹੀਂ ਸੀ। ਮਹਾਰਾਜ ਜੀ ਕਹਿੰਦੇ, ਦਰੱਖਤ ਤੇ ਚੜ੍ਹ

ਕੇ ਵੇਖੋ ਤੇ ਜਦੋਂ ਦਰੱਖਤ ਤੇ ਚੜ੍ਹ ਕੇ ਵੇਖਿਆ, ਨੂਰਾ ਮਾਹੀ ਘੋੜੇ ਤੇ ਆ ਰਿਹਾ ਹੈ। ਚਾਲੀ ਕੋਹ ਦਾ ਪੈਂਡਾ। ਮਹਾਰਾਜ ਜੀ ਬੈਠੇ ਹਨ। ਕਹਿੰਦੇ ਨੂਰਿਆ, ਖਬਰ ਸੁਣਾ। ਭੁੱਬਾਂ ਮਾਰ ਕੇ ਰੋ ਪਿਆ। ਸੁਣਾਉਣੀ ਔਖੀ ਹੈ। ਉਹ ਖਬਰ ਸੁਣਾਉਣੀ ਔਖੀ ਹੈ, ਸਤਿਗੁਰੂ ਜੀ! ਕਿਵੇਂ ਸੁਣਾਵਾਂ? ਜੋ ਸੁਣਾਇਆ ਹੈ, ਕੋਸ਼ਿਸ ਕਰਾਂਗੇ, ਤਿੰਨ ਚਾਰ ਮਿੰਟਾਂ ਵਿੱਚ ਗਰੀਬ ਨਿਵਾਜ, ਸਤਿਗੁਰੂ ਜੀ ਨੂੰ ਨੂਰਾ ਮਾਹੀ ਕਿਵੇਂ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਸੁਣਾਉਂਦਾ ਹੈ:

***ਗੁਰ ਪੂਰੇ ਕੀ ਵਡਿਆਈ ॥***
***ਤਾ ਕੀ ਕੀਮਤਿ ਕਹੀ ਨ ਜਾਈ ॥੧॥***

*(ਅੰਗ ੬੨੯)*

ਸਤਿਗੁਰੂ ਜੀ, ਆਪ ਜੀ ਦਾ ਰਸੋਈਆ ਗੰਗੂ ਬ੍ਰਾਹਮਣ। ਮਾਇਆ ਦੇ ਲਾਲਚ ਵਿੱਚ ਆ ਕੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਨੂੰ ਮੋਰਿੰਡੇ ਦੇ ਨਵਾਬ ਕੋਲ ਫੜਾ ਦਿੱਤਾ ਹੈ। ਮਾਇਆ ਦਾ ਲੋਭ ਇੰਨਾ ਭੈੜਾ ਹੈ। ਮਹਾਰਾਜ ਜੀ, ਮੋਰਿੰਡੇ ਦੇ ਨਵਾਬ ਨੇ ਸਰਹਿੰਦ ਦੇ ਨਵਾਬ ਵਜੀਦ ਖਾਂ ਦੇ ਹਵਾਲੇ ਕਰ ਦਿੱਤਾ। ਸਤਿਗੁਰੂ ਜੀ, ਕਿਵੇਂ ਸੁਣਾਵਾਂ। ਸਰਹਿੰਦ ਦੇ ਨਵਾਬ ਵਜੀਦ ਖਾਂ ਨੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਨੂੰ ਠੰਡੇ ਬੁਰਜ ਵਿੱਚ ਕੈਦ ਕਰ ਦਿੱਤਾ। ਕੋਈ ਕੰਬਲ ਨਹੀਂ, ਸ਼ਾਲ ਨਹੀਂ, ਕੱਪੜਾ ਨਹੀਂ। ਠੰਡਾ ਬੁਰਜ।

ਦਾਸ ਦੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਕੀਰਤਨ ਦੀ ਹਾਜ਼ਰੀ ਸੀ। ਉੱਥੇ ਬਚਨ ਸੁਣਾਇਆ ਸੀ ਕਿ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਹਿਬਜ਼ਾਦਿਆਂ ਨੇ ਆਪਣਾ ਬਚਪਨ ਗਵਾ ਕੇ ਸਾਡੇ ਬੱਚਿਆਂ ਨੂੰ ਬਚਪਨ ਦੇ ਦਿੱਤਾ ਹੈ। ਆਪਣੀ ਜਵਾਨੀ ਗਵਾ ਕੇ ਸਾਡੇ ਬੱਚਿਆਂ ਨੂੰ ਜਵਾਨੀਆਂ ਦਿੱਤੀਆਂ। ਸਾਰੀ ਰਾਤ ਠੰਡੇ ਬੁਰਜ ਵਿੱਚ ਕੱਟੀ। ਠੰਡ ਪੈਂਦੀ ਵੀ ਬੜੀ ਹੈ। ਫਿਰ ਸਵੇਰੇ ਕਚਹਿਰੀ ਵਿੱਚ ਹੀ ਲੈ ਕੇ ਜਾ ਰਹੇ ਹਨ। ਦਾਦੀ ਮਾਂ ਸਾਰੀ ਰਾਤ ਸਾਖੀਆਂ ਸੁਣਾਉਂਦੀ ਰਹੀ। ਜਿਹੜੇ ਲੈਣ ਆਏ ਹਨ, ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿੱਚ ਲਿਜਾਉਣ ਲਈ, ਕੀ ਆਖਿਆ? ਕਚਹਿਰੀ ਵਿੱਚ ਸਿਰਫ ਤੁਹਾਨੂੰ ਵੇਖਣਾ ਚਾਹੁੰਦੇ ਹਨ ਕਿ ਤੁਸੀਂ ਕਿਹੋ ਜਿਹੇ ਹੋ? ਬੱਚਿਓ ਡਰੋ ਨਾ। ਜਦੋਂ ਕਚਹਿਰੀ ਵਿੱਚ ਜਾਓਗੇ ਤੇ ਸੱਤ ਵਾਰੀ ਝੁਕ ਕੇ ਸਲਾਮ ਕਰਨੀ। ਇੱਥੋਂ ਤੱਕ ਦਾਸ ਨੇ ਮਹਾਂਪੁਰਸ਼ਾਂ ਤੋਂ ਸੁਣਿਆ ਹੈ ਕਿ ਅੰਦਰ ਵੜਨ ਵਾਲਾ ਗੇਟ ਇੰਨਾ ਕੁ ਛੋਟਾ ਸੀ ਕਿ ਅੰਦਰ ਵੜਨਗੇ ਤੇ ਸਿਰ ਪਹਿਲਾਂ ਵਾੜਨਗੇ ਤੇ ਜਦੋਂ ਸਿਰ ਵਾੜਨਗੇ, ਸਿਰ ਨੀਵਾਂ ਹੋਵੇਗਾ ਤੇ ਅਸੀਂ ਕਹਾਂਗੇ ਕਿ ਸਾਨੂੰ ਝੁਕਾਇਆ ਹੈ।

ਬਾਬਾ ਨੰਦ ਸਿੰਘ ਜੀ ਦਾ ਬਚਨ ਹੈ ਚਾਰ ਸਾਹਿਬਜ਼ਾਦੇ ਦਰਗਾਹ ਵਿੱਚੋਂ ਆਏ ਸੀ। ਛੋਟੇ ਗੇਟ ਵਿੱਚੋਂ ਲੰਘਣ ਲੱਗੇ ਤੇ ਸਾਹਿਬਜ਼ਾਦਿਆਂ ਨੇ ਜੋੜਾ ਪਹਿਲਾਂ ਅੰਦਰ ਲੰਘਾਇਆ ਤੇ ਸਿਰ ਬਾਅਦ ਵਿੱਚ। ਜੋੜਾ ਅੱਗੇ ਕੀਤਾ। ਸਿਰ ਨਹੀਂ ਪਹਿਲਾਂ ਅੰਦਰ ਲੰਘਾਇਆ। ਉਹ ਕਹਿੰਦੇ ਕਿ ਸੱਤ ਵਾਰੀ ਸਲਾਮ ਕਰਨੀ ਹੈ। ਕਚਹਿਰੀ ਵਿੱਚ ਜਾ ਰਹੇ ਹਾਂ ਪਰ ਸਾਹਿਬਜ਼ਾਦਿਆਂ ਨੇ ਕਚਹਿਰੀ ਵਿੱਚ ਵੜਦਿਆਂ ਹੀ ਉੱਚੀ ਸਾਰੀ ਕੀ ਆਖਿਆ?

***ਵਾਹਿਗੁਰੂ ਜੀ ਕਾ ਖਾਲਸਾ ॥***
***ਵਾਹਿਗੁਰੂ ਜੀ ਕੀ ਫਤਹਿ ॥***

ਜਦੋਂ ਸਾਰੀ ਕਚਹਿਰੀ ਫਤਹਿ ਨਾਲ ਗੂੰਜ ਪਈ ਤੇ ਸੁੱਚਾ ਨੰਦ ਨੇ ਕੀ ਆਖਿਆ, ਇਹ ਨਵਾਬ ਵਜੀਦ ਖਾਂ ਸੂਬਾ ਸਰਹਿੰਦ ਦੀ ਕਚਹਿਰੀ ਹੈ, ਤੁਹਾਡੇ ਪਿਤਾ ਦਾ ਦਰਬਾਰ ਨਹੀਂ ਕਿ ਤੁਸੀਂ ਆਪਣੀ ਫਤਹਿ ਬੁਲਾ ਰਹੇ ਹੋ। ਕਚਹਿਰੀ ਹੈ, ਸਲਾਮ ਕਰੋ। ਬਾਦਸ਼ਾਹ, ਨਵਾਬ ਨੂੰ। ਤੁਸੀਂ ਇੱਥੇ ਗੁਨਾਹਗਾਰ ਹੋ ਕੇ ਆਏ ਹੋ। ਸਿਰ ਝੁਕਾਓ। ਹੁਣ ਇੱਥੇ ਦਾਸ ਪੜ੍ਹ ਕੇ ਹੈਰਾਨ ਹੋ ਗਿਆ, ਰਾੜਾ ਸਾਹਿਬ ਵਾਲੀ ਸੰਪਰਦਾ ਨੇ ਲਫਜ਼ ਲਿਖੇ ਹਨ। ਛੋਟੇ ਸਾਹਿਬਜ਼ਾਦੇ ਕਹਿਣ ਲੱਗੇ, ਸਾਡਾ ਸੀਸ ਪਵਿੱਤਰ ਹੈ, ਬਿਹੰਗਮੀ ਪਹਿਰਾ

ਹੈ। ਸਾਡਾ ਪਵਿੱਤਰ ਸਿਰ ਸਾਧੂ, ਸੰਤ, ਮਹਾਤਮਾ ਜਾਂ ਨਾਮ ਜਪਣ ਵਾਲਿਆਂ ਦੇ ਅੱਗੇ ਸਤਿਕਾਰ ਵਿੱਚ ਸੀਸ ਝੁੱਕ ਸਕਦਾ ਹੈ, ਕਿਸੇ ਬੇਮੁਖ ਤੇ ਪਾਪੀ ਅੱਗੇ ਸੀਸ ਨਹੀਂ ਝੁੱਕ ਸਕਦਾ। ਉਨ੍ਹਾਂ ਨੇ ਕੀ ਆਖਿਆ? ਤੁਹਾਡੇ ਪਿਤਾ ਜੀ ਵੀ ਮਾਰੇ ਗਏ ਹਨ, ਭਰਾ ਵੀ ਮਾਰੇ ਗਏ ਹਨ, ਤੁਸੀਂ ਯਤੀਮ ਹੋ ਚੁੱਕੇ ਹੋ। ਕਬੂਲ ਕਰ ਲਓ ਇਸਲਾਮ ਤੇ ਸਾਰੇ ਸੁੱਖ ਮਿਲਣਗੇ। ਅੱਗੋਂ ਛੋਟੇ ਸਾਹਿਬਜ਼ਾਦੇ ਕੀ ਕਹਿੰਦੇ ਹਨ? ਸਾਡੇ ਪਿਤਾ ਜੀ ਸਰਬ ਕਲਾ ਸੰਪੂਰਨ ਹਨ। ਸਾਡੇ ਪਿਤਾ ਜੀ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਸਰਬ ਕਲਾ ਸਮਰੱਥ ਹਨ। ਸਿਰਫ ਅਜਰ ਨੂੰ ਜਰ ਰਹੇ ਹਨ। ਉਹ ਸਰਬ ਕਲਾ ਸਮਰੱਥ ਹਨ, ਉਨ੍ਹਾਂ ਨੂੰ ਕੋਈ ਨਹੀਂ ਮਾਰ ਸਕਦਾ।

***ਸ੍ਰੀ ਸਤਿਗੁਰ ਜੋ ਪਿਤਾ ਹਮਾਰਾ***
***ਜਗ ਮਹਿ ਕਉਨੁ ਸਕੈ ਤਹਿ ਮਾਰਾ॥***

ਉਨ੍ਹਾਂ ਨੂੰ ਕੌਣ ਮਾਰ ਸਕਦਾ ਹੈ? ਉਹ ਡੱਟ ਕੇ ਜਵਾਬ ਦਿੰਦੇ ਹਨ ਤੇ ਕਾਜ਼ੀ ਕਹਿੰਦਾ ਹੈ, ਤੁਹਾਨੂੰ ਇੱਥੇ ਡਰਨਾ ਚਾਹੀਦਾ ਹੈ। ਛੋਟੇ ਸਾਹਿਬਜ਼ਾਦੇ ਅੱਗੋਂ ਜਵਾਬ ਦਿੰਦੇ ਹਨ, ਅਸੀਂ ਪਰਮੇਸ਼ਰ ਦੇ ਪਿਆਰ ਵਿੱਚ ਨਹੀਂ ਡਰਦੇ। ਸਾਡੇ ਕੋਲ ਉਸ ਪਰਮੇਸ਼ਰ ਦਾ ਪਿਆਰ ਹੈ।

ਹੁਣ ਇੱਥੇ ਧਿਆਨ ਦੇਣਾ ਜ਼ਰੂਰੀ ਹੈ ਕਿ ਕਿੰਨ੍ਹਾਂ ਨੇ ਮਦਦ ਕੀਤੀ ਤੇ ਕਿੰਨ੍ਹਾਂ ਨੇ ਗਦਾਰੀ ਕੀਤੀ। ਸੁੱਚਾ ਨੰਦ ਜਿਸ ਨੇ ਆਖਿਆ, ਇਹ ਨਾਗਾਂ ਦੇ ਬੱਚੇ ਹਨ। ਛੋਟੇ ਹਨ, ਵੱਡੇ ਹੋ ਕੇ ਨਾਗ ਬਣਨਗੇ। ਇਨ੍ਹਾਂ ਨਾਲ ਸਖਤੀ ਕਰੋ। ਇਹ ਵੀ ਆਖਿਆ ਕਿ ਇਨ੍ਹਾਂ ਦੀ ਜਿੰਨੀ ਕੁ ਰੌਸ਼ਨੀ ਹੈ, ਵੱਡੇ ਹੋ ਕੇ ਹੋਰ ਰੌਸ਼ਨੀ ਵੱਧੇਗੀ, ਇਨ੍ਹਾਂ ਦੀ ਰੌਸ਼ਨੀ ਹੁਣੇ ਹੀ ਖਤਮ ਕਰ ਦਿਓ। ਇਹ ਸੁੱਚਾ ਨੰਦ ਕਹਿ ਰਿਹਾ ਹੈ। ਮਲੇਰਕੋਟਲੇ ਦੇ ਨਵਾਬ ਨੇ ਹਾਅ ਦਾ ਨਾਅਰਾ ਮਾਰਿਆ। ਕਹਿਣ ਲੱਗੇ, ਬਹਾਦਰਾਂ ਦਾ ਕੰਮ ਨਹੀਂ, ਪਿਤਾ ਦਾ ਬਦਲਾ ਬੱਚਿਆਂ ਤੋਂ ਲਿਆ ਜਾਵੇ। ਫਿਰ ਰਾਤ ਆ ਗਏ ਠੰਡੇ ਬੁਰਜ 'ਚ। ਬਾਬਾ ਮੋਤੀ ਰਾਮ ਮਹਿਰਾ ਜੀ ਜਿਨ੍ਹਾਂ ਨੇ ਘਰਵਾਲੀ ਦੇ ਸਾਰੇ ਗਹਿਣੇ ਪਹਿਰੇਦਾਰਾਂ ਨੂੰ ਦੇ ਕੇ, ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗਰਮ ਦੁੱਧ ਪਿਲਾਇਆ। ਬਾਬਾ ਮੋਤੀ ਰਾਮ ਮਹਿਰਾ ਜੀ ਦਾ ਸਾਰਾ ਪਰਿਵਾਰ ਬਾਅਦ ਵਿੱਚ ਕੋਹਲੂ ਵਿੱਚ ਪੀੜਿਆ ਗਿਆ। ਅੱਜ ਜੈ ਜੈਕਾਰ ਹੈ। ਫਿਰ ਅਗਲੇ ਦਿਨ ਕਚਹਿਰੀ ਲੱਗੀ। ਅਖੀਰ ਫੈਸਲਾ ਕੀ ਕੀਤਾ ਗਿਆ ਕਿ ਇਨ੍ਹਾਂ ਨੂੰ ਨੀਹਾਂ ਵਿੱਚ ਚਿਣ ਦਿੱਤਾ ਜਾਵੇ। ਇਹ ਸਾਰੀ ਵਾਰਤਾ ਨੂਰਾ ਮਾਹੀ ਸੁਣਾ ਰਿਹਾ ਹੈ ਕਿ ਮਹਾਰਾਜ ਜੀ, ਸੱਤ ਸਾਲ ਤੇ ਨੌਂ ਸਾਲ ਦੀ ਉਮਰ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਨੂੰ ਨੀਹਾਂ ਵਿੱਚ ਚਿਣਿਆ ਤੇ ਜਦੋਂ ਕੰਧ ਚਿਣਦੇ-ਚਿਣਦੇ ਗੋਡਿਆਂ ਤੱਕ ਆਏ ਤਾਂ ਕੰਧ ਵਿੰਗੀ ਹੁੰਦੀ ਸੀ ਤੇ ਜ਼ਾਲਮਤਾ ਇੰਨੀ ਕਿ ਗੋਡੇ ਛਿੱਲ ਦਿਓ ਪਰ ਦੀਵਾਰ ਵਿੰਗੀ ਨਾ ਹੋਵੇ। ਮਹਾਰਾਜ ਜੀ, ਜ਼ਾਲਮਤਾ ਇੰਨੀ ਕਿ ਨੀਹਾਂ ਵਿੱਚ ਚਿਣ ਕੇ ਸ਼ਹੀਦ ਕੀਤਾ ਗਿਆ।

ਦੋ ਜਲਾਦ ਆਏ ਸੀ, ਸਾਸ਼ਲ ਬੇਗ ਤੇ ਵਾਸ਼ਲ ਬੇਗ। ਕੋਈ ਵੀ ਮੰਨਦਾ ਨਹੀਂ ਸੀ, ਉਨ੍ਹਾਂ ਨੂੰ ਕਿਹਾ ਸੀ ਕਿ ਤੁਹਾਡੇ ਕੇਸ ਖਤਮ ਕਰ ਦਿੰਦੇ ਹਾਂ, ਤੁਸੀਂ ਇਨ੍ਹਾਂ ਬੱਚਿਆਂ ਨੂੰ ਨੀਂਹਾਂ ਵਿੱਚ ਚਿਣ ਕੇ ਸ਼ਹੀਦ ਕਰੋ। ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣ ਕੇ ਸ਼ਹੀਦ ਕੀਤਾ ਗਿਆ। ਸ਼ਹੀਦ ਹੁੰਦਿਆਂ ਹੀ ਜਿਵੇਂ ਕਹਿੰਦੇ, ਭੁਚਾਲ ਆਉਂਦਾ ਹੈ। ਸਾਰੇ ਬੰਨੇ ਲਾਲ ਹਨ੍ਹੇਰੀ, ਹਾਹਾਕਾਰ। ਭੁਚਾਲ ਵਰਗੀ ਹਨ੍ਹੇਰੀ। ਮਾਤਾ ਜੀ ਨੇ ਵੀ ਸਰੀਰ ਤਿਆਗ ਦਿੱਤਾ। ਧੰਨ ਧੰਨ ਮਾਤਾ ਗੁਜਰ ਕੌਰ ਜੀ ਨੇ। ਜਦੋਂ ਨੂਰਾ ਮਾਹੀ ਇਹ ਗੱਲ ਸੁਣਾ ਰਿਹਾ ਹੈ, ਇੱਥੇ ਫਿਰ ਕੀ ਆਖਿਆ? ਇਨ੍ਹਾਂ ਦਾ ਨਾਂ ਵੀ ਸਤਿਕਾਰ ਨਾਲ ਲੈਣਾ, ਦੀਵਾਨ ਟੋਡਰ ਮੱਲ ਜੀ। ਉਨ੍ਹਾਂ ਨੇ ਵਜੀਦ ਖਾਂ ਨੂੰ ਆਖਿਆ, ਸਾਹਿਬਜ਼ਾਦਿਆਂ ਦੇ ਸਸਕਾਰ ਲਈ ਜਗ੍ਹਾ। ਉਹ ਕਹਿੰਦਾ ਹੈ, ਇਨ੍ਹਾਂ ਦੇ ਸਸਕਾਰ ਵਾਸਤੇ ਕੋਈ ਜਗ੍ਹਾ

ਨਹੀਂ ਸਾਡੇ ਕੋਲ। ਜੇ ਲੈਣੀ ਚਾਹੁੰਦਾ ਹੈਂ, ਜਿੰਨੀਆਂ ਮੋਹਰਾਂ ਜਗ੍ਹਾ ਤੇ ਵਿਛਾ ਦੇਵੇਂਗਾ, ਉਨੀ ਜਗ੍ਹਾ ਤੈਨੂੰ ਸਸਕਾਰ ਲਈ ਦਿੱਤੀ ਜਾਵੇਗੀ। ਦੀਵਾਨ ਟੋਡਰ ਮੱਲ ਜੀ ਨੇ ਮਨਜ਼ੂਰ ਕਰ ਲਿਆ। ਅਸੀਂ ਮਰਿਆਦਾ ਨਾਲ ਸਸਕਾਰ ਕਰਨਾ ਹੈ। ਜਦੋਂ ਮੋਹਰਾਂ ਵਿਛਾਉਣ ਲੱਗੇ, ਇਹ ਅੱਜ ਤੱਕ ਦੀ ਸੰਸਾਰ ਵਿੱਚ ਸਭ ਤੋਂ ਮਹਿੰਗੀ ਜਗ੍ਹਾ ਹੈ। ਜਿਹੜੀ ਮੋਹਰ ਹੁੰਦੀ ਹੈ, ਬੈਠੇ ਰੁੱਖ ਵਿਛਾਓ ਤੇ ਗੱਲ ਹੋਰ ਹੁੰਦੀ ਹੈ ਤੇ ਜਦੋਂ ਵਿਛਾਉਣ ਲੱਗਾ ਤੇ ਨਵਾਬ ਨੇ ਕੀ ਆਖਿਆ ਮੋਹਰਾਂ ਖੜ੍ਹੀਆਂ ਕਰਕੇ ਵਿਛਾ। ਅੱਜ ਦੇ ਹਿਸਾਬ ਨਾਲ ਉਨਾ ਕੁ ਜ਼ਮੀਨ ਦਾ ਟੁਕੜਾ ਕਰੋੜਾਂ ਰੁਪਏ ਦਾ। ਖੜ੍ਹੀਆਂ ਮੋਹਰਾਂ ਕਰਕੇ ਜਗ੍ਹਾ ਲਈ ਤੇ ਉਹ ਸਾਰੀ ਅੰਤਿਮ ਵੇਲੇ ਦੀ ਰੀਤ ਪੂਰੀ ਕੀਤੀ। ਹੁਣ ਉੱਥੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਸੁਸ਼ੋਭਿਤ ਹੈ।

ਨੂਰਾ ਮਾਹੀ ਜਦੋਂ ਇਹ ਖਬਰ ਸੁਣਾ ਰਿਹਾ ਸੀ ਤੇ ਉਸ ਸਮੇਂ ਮਹਾਰਾਜ ਜੀ ਤੀਰ ਦੇ ਨਾਲ ਜ਼ਮੀਨ ਵਿੱਚੋਂ ਮਿੱਟੀ ਖੁਰਚ ਰਹੇ ਸੀ ਤੇ ਕਾਈ ਦਾ ਬੂਟਾ ਸੀ, ਕਾਈ ਦੇ ਬੂਟੇ ਨੂੰ ਤੀਰ ਲੈ ਕੇ ਜੜ੍ਹੋਂ ਸਮੇਤ ਪੁੱਟ ਦਿੱਤਾ ਤੇ ਮਹਾਰਾਜ ਜੀ ਦੇ ਮੁੱਖ ਵਿੱਚੋਂ ਬਚਨ ਨਿਕਲਿਆ, ਇੰਨਾ ਜ਼ੁਲਮ, ਅੱਜ ਤੋਂ ਮੁਗਲ ਰਾਜ ਦੀ ਜੜ੍ਹ ਪੁੱਟੀ ਗਈ। ਉਹ ਜਿਹੜਾ ਰਾਏ ਕੱਲ੍ਹਾ ਸੀ, ਉਸਨੇ ਕਿਹਾ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਮੈਂ ਵੀ ਮੁਸਲਮਾਨ ਹਾਂ। ਤੁਸੀਂ ਕਹਿੰਦੇ ਹੋ ਕਿ ਜੜ੍ਹ ਪੁੱਟੀ ਗਈ, ਮੁਗਲ ਰਾਜ ਦੀ। ਮੈਂ ਵੀ ਮੁਸਲਮਾਨ ਹਾਂ, ਇਸਲਾਮ ਦਾ ਧਾਰਨੀ ਹਾਂ। ਮੇਰੇ ਖਾਨਦਾਨ ਤੇ ਕਿਰਪਾ ਕਰੋ, ਮਹਾਰਾਜ ਜੀ। ਮੇਰੇ ਖਾਨਦਾਨ ਤੇ ਕਿਰਪਾ ਕਰੋ ਤੇ ਮਹਾਰਾਜ ਜੀ ਨੇ ਆਪਣੇ ਗਾਤਰੇ ਵਾਲੀ ਸ੍ਰੀ ਸਾਹਿਬ ਰਾਏ ਕੱਲ੍ਹਾ ਨੂੰ ਦਿੱਤੀ ਤੇ ਕੀ ਆਖਿਆ, ਜਦੋਂ ਤੱਕ ਤੇਰੀ ਕੁੱਲ ਵਿੱਚ ਇਸ ਸ਼ਸ਼ਤਰ ਦੀ ਸਤਿਕਾਰ ਨਾਲ ਸੇਵਾ ਹੁੰਦੀ ਰਹੇਗੀ, ਤੇਰੀ ਕੁੱਲ ਹਰੀ ਰਹੇਗੀ। ਤੇ ਇਸਨੂੰ ਕੋਈ ਆਪ ਨਾ ਪਾਵੇ ਤੇ ਨਾ ਹੀ ਬੇਅਦਬੀ ਕਰੇ।

ਹੁਣ ਦਾਸ ਦੀ ਸਾਰੀ ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸ਼ਹੀਦੀ ਦਿਹਾੜਿਆਂ ਵਿੱਚ ਤੁਹਾਡੇ ਮਨ ਵਿੱਚ ਜੋ ਵੀ ਆਵੇ, ਜ਼ਰੂਰ ਕੋਈ ਨਾ ਕੋਈ ਔਗੁਣ ਛੱਡ ਕੇ ਜਾਣਾ। ਅੰਦਰੋਂ ਭਰੋਸਾ ਹੈ, ਯਕੀਨ ਕਰਿਓ, ਦਾਸ ਦਾ ਭਰੋਸਾ ਹੈ ਕਿ ਬਾਬਾ ਅਜੀਤ ਸਿੰਘ ਜੀ ਕੋਲ ਦਰਗਾਹ ਦੀਆਂ ਚਾਬੀਆਂ ਹਨ। ਬਾਬਾ ਜੁਝਾਰ ਸਿੰਘ ਜੀ ਕੋਲ ਦਰਗਾਹ ਦੀਆਂ ਚਾਬੀਆਂ ਹਨ। ਬਾਬਾ ਜ਼ੋਰਾਵਰ ਸਿੰਘ ਜੀ ਕੋਲ ਦਰਗਾਹ ਦੀਆਂ ਚਾਬੀਆਂ ਹਨ। ਬਾਬਾ ਫਤਹਿ ਸਿੰਘ ਜੀ ਕੋਲ ਦਰਗਾਹ ਦੀਆਂ ਚਾਬੀਆਂ ਹਨ। ਦਾਸ ਦੇ ਮਨ ਦੀ ਰੀਝ ਹੈ ਕਿ ਸਾਰਿਆਂ ਦੀ ਅਰਦਾਸ ਹੋਵੇ, ਸਾਰੀ ਸੰਗਤ ਕਿਰਪਾ ਕਰਿਓ, ਇਸ ਪਿਆਰ ਭਰੀ ਬੇਨਤੀ ਵਿੱਚ ਸਾਰੇ ਸ਼ਾਮਿਲ ਹੋਇਓ:

***ਕਲਗੀਧਰ ਦੇ ਲਾਡਲਿਓ ਸਾਨੂੰ ਸਿੱਖੀ ਬਖਸ਼ ਦਿਓ।***
***ਸਿੱਖੀ ਬਖਸ਼ ਦਿਓ ਪਰਿਵਾਰਾਂ ਵਿੱਚ, ਸਿੱਖੀ ਬਖਸ਼ ਦਿਓ।***

ਸਿੱਖੀ ਕੈਸੀ? ਇੱਕ ਤਾਂ ਆਹ ਸਿੱਖੀ, ਇੱਕ ਮਹਾਰਾਜ ਜੀ, ਇਹੋ ਜਿਹੀ ਸਿੱਖੀ ਬਖਸ਼ ਦਿਓ ਕਿ ਅਸੀਂ ਕਦੀ ਕਿਸੇ ਦਾ ਦਿਲ ਤੋੜੀਏ ਹੀ ਨਾ। ਸਿੱਖੀ ਕੈਸੀ? ਇਹੋ ਜਿਹੀ ਸਿੱਖੀ ਬਖਸ਼ ਦਿਓ। ਦਿਨ ਚੜ੍ਹਿਆ ਹੈ, ਜਿੰਨੇ ਕਦਮ ਪੁੱਟੀਏ, ਜਿੱਥੇ ਜਾਈਏ, ਸਾਡੇ ਕੋਲੋਂ ਇਸ ਜਗਤ ਦਾ ਭਲਾ ਹੀ ਹੋਵੇ। ਕਿਸੇ ਦਾ ਵਿਗਾੜ ਨਾ ਹੋਵੇ। ਦੁਨੀਆਂ ਸਾਡੇ ਦਿਮਾਗ ਨਾਲ ਨਹੀਂ ਚੱਲ ਸਕਦੀ। ਯਾਦ ਰੱਖਿਓ। ਘਰ ਦੇ ਸੱਤ ਮੈਂਬਰ ਹਨ। ਤੁਸੀਂ ਕਹੋ ਕਿ ਇਹ ਮੇਰੇ ਦਿਮਾਗ ਨਾਲ ਨਹੀਂ ਚਲਦੇ। ਮੁਸ਼ਕਲ ਹੈ। ਤੂੰ ਵੇਖ। ਤੇਰੇ ਇਹ ਲਫਜ਼ ਬੋਲਣ ਨਾਲ ਕਲੇਸ਼ ਪੈਂਦਾ ਹੈ, ਤੂੰ ਕੰਟਰੋਲ ਕਰ। ਪਹਿਲਾਂ ਆਪਣਾ ਸੁਧਾਰ ਕਰ, ਦੂਜੇ ਦੀ ਬੁੱਧੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪੇ ਬਦਲਾ ਦੇਣਗੇ। ਆਹ ਸਿੱਖੀ ਹੈ। ਇਹੋ ਜਿਹੀ ਸਿੱਖੀ ਦਿਓ, ਲੰਘਦਾ ਵੀ ਕੋਈ ਜਾ ਰਿਹਾ ਹੋਵੇ, ਮਿਸਾਲ ਬਣ ਜਾਵੇ। ਆਹ ਸਿੱਖ ਜਾ ਰਿਹਾ ਹੈ। ਇਹੋ ਜਿਹਾ ਸਿੱਖ ਜਾ ਰਿਹਾ ਹੈ, ਭਲਾ ਹੀ ਭਲਾ।

ਪਰਉਪਕਾਰ ਹੀ ਪਰਉਪਕਾਰ। ਅੰਦਰ ਦੀ ਸਿੱਖੀ। ਗਰੀਬ ਨਿਵਾਜ ਸੱਚੇ ਪਾਤਸ਼ਾਹ! ਸਾਹਿਬਜ਼ਾਦਿਓ, ਤੁਹਾਡੇ ਕੋਲ ਕੁੰਜੀਆਂ ਹਨ:

***ਕਲਗੀਧਰ ਦੇ ਲਾਡਲਿਓ ਸਾਨੂੰ ਸਿੱਖੀ ਬਖਸ਼ ਦਿਓ।***
***ਬਾਜਾਂ ਵਾਲੇ ਦੇ ਲਾਡਲਿਓ ਸਾਨੂੰ ਸਿੱਖੀ ਬਖਸ਼ ਦਿਓ।***
***ਕਲਗੀਧਰ ਦੇ ਲਾਡਲਿਓ ਅੰਮ੍ਰਿਤ ਵੇਲਾ ਬਖਸ਼ ਦਿਓ।***
***ਬਾਜਾਂ ਵਾਲੇ ਦੇ ਲਾਡਲਿਓ ਅੰਮ੍ਰਿਤ ਵੇਲਾ ਬਖਸ਼ ਦਿਓ।***

ਰਾਗੀ ਨੂੰ ਲਾਲਚ ਨਾ ਹੋਵੇ, ਸੰਗਤ ਪਿਆਰ ਨਾਲ ਆਈ ਹੋਵੇ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਹੋਵੇ, ਪਿਆਰ ਵਿੱਚ ਪਰਿਵਾਰ ਪ੍ਰੋਗਰਾਮ ਕਰਵਾ ਰਿਹਾ ਹੋਵੇ, ਦਾਸ ਨੂੰ ਯਕੀਨ ਹੈ ਕਿ ਸਾਹਿਬਜ਼ਾਦੇ ਵੀ ਬੈਠੇ ਹੋਣਗੇ। ਉਹ ਵੀ ਹਾਜ਼ਰ ਹੋਣਗੇ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੋਂ ਵੱਡਾ ਕੌਣ ਹੈ? ਜੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਕਹਿੰਦੇ ਹਨ:

***ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥੨॥***
*(ਅੰਗ ੮੯੩)*

ਚਾਰ ਸਾਹਿਬਜ਼ਾਦਿਆਂ ਕੋਲ ਦਰਗਾਹ ਦੀਆਂ ਕੁੰਜੀਆਂ ਹਨ। ਤੁਹਾਡੇ ਵਿੱਚੋਂ ਅਨੇਕਾਂ ਯਤਨ ਕਰਦੇ ਹਨ, ਅੰਮ੍ਰਿਤ ਵੇਲਾ ਤਾਂ ਵੀ ਟੁੱਟ ਜਾਂਦਾ ਹੈ ਤੇ ਪਿਤਾ ਜੀ ਦੇ ਸਾਹਿਬਜ਼ਾਦਿਆਂ ਕੋਲੋਂ ਮੰਗੀਏ, ਗਰੀਬ ਨਿਵਾਜ ਸਾਹਿਬਜ਼ਾਦਿਓ, ਇੰਨੀ ਕਮਾਈ ਨਹੀਂ, ਇੰਨੀ ਪਾਵਰ ਨਹੀਂ ਪਰ ਤੁਸੀਂ ਬਾਬਾ ਅਜੀਤ ਸਿੰਘ ਜੀ, ਬਾਬਾ ਫਤਹਿ ਸਿੰਘ ਜੀ, ਜੇ ਤੁਸੀਂ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਚੋਲਾ ਫੜ੍ਹ ਕੇ ਇੰਝ ਕਹੋਗੇ, ਸੱਚੇ ਪਾਤਸ਼ਾਹ, ਇਸ ਬੀਬੀ ਨੂੰ ਅੰਮ੍ਰਿਤ ਵੇਲਾ ਦੇ ਦਿਓ ਤੇ ਪਿਤਾ ਜੀ ਕਦੀ ਨਾਂਹ ਨਹੀਂ ਕਰਨਗੇ। ਜਦੋਂ ਸਾਹਿਬਜ਼ਾਦਾ ਜੀ ਚੋਲਾ ਫੜ੍ਹ ਕੇ ਕਹਿਣਗੇ ਕਿ ਗਰੀਬ ਨਿਵਾਜ! ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਮਾਗਮ ਵਿੱਚ ਜਿੰਨੀ ਸੰਗਤ ਆਉਂਦੀ ਹੈ, ਇਨ੍ਹਾਂ ਨੂੰ ਅੰਮ੍ਰਿਤ ਵੇਲਾ ਦੇ ਦਿਓ ਤੇ ਕਦੀ ਨਾਂਹ ਨਹੀਂ ਕਰਨਗੇ। ਸਾਰੇ ਵੈਰਾਗ ਵਿੱਚ ਬੇਨਤੀ ਕਰੋ:

***ਕਲਗੀਧਰ ਦੇ ਲਾਡਲਿਓ ਅੰਮ੍ਰਿਤ ਵੇਲਾ ਬਖਸ਼ ਦਿਓ।***
***ਬਾਜਾਂ ਵਾਲੇ ਦੇ ਲਾਡਲਿਓ ਅੰਮ੍ਰਿਤ ਵੇਲਾ ਬਖਸ਼ ਦਿਓ।***

ਇੱਕ ਚੀਜ਼ ਹੋਰ ਮੰਗਣੀ ਹੈ। ਸਾਹਿਬਜ਼ਾਦਿਓ, ਕਿਰਪਾ ਕਰਨੀ ਆਹ ਵੀ ਦੇ ਦੇਣਾ:

***ਕਲਗੀਧਰ ਦੇ ਲਾਡਲਿਓ ਨਾਮ ਦਾਨ ਬਖਸ਼ ਦਿਓ।***
***ਬਾਜਾਂ ਵਾਲੇ ਦੇ ਲਾਡਲਿਓ ਨਾਮ ਦਾਨ ਬਖਸ਼ ਦਿਓ।***

***ਗੁਰ ਪੂਰੇ ਕੀ ਵਡਿਆਈ ॥***
***ਤਾ ਕੀ ਕੀਮਤਿ ਕਹੀ ਨ ਜਾਈ ॥੧॥***
*(ਅੰਗ ੬੨੯)*

**ਸਿਫਤਿ ਸਾਲਾਹ ਪੜ੍ਹੋ** **ਮੈਨੂੰ ਜ਼ਰੂਰ ਪੜ੍ਹੋ** **ਸਿਫਤਿ ਸਾਲਾਹ ਕਰੋ**

ਸਿਫਤਿ ਸਾਲਾਹ ਦੇ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਪਿਛਲੇ 22 ਸਾਲਾਂ ਤੋਂ ਸਿਫਤਿ ਸਾਲਾਹ ਨਿਰੋਲ ਧਾਰਮਿਕ ਰਸਾਲਾ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ ਛਾਪ ਕੇ ਸੰਗਤਾਂ ਦੇ ਘਰ-ਘਰ ਪਹੁੰਚਾਇਆ ਜਾ ਰਿਹਾ ਹੈ। ਸਿਫਤਿ ਸਾਲਾਹ ਦੀ ਛਪਾਈ ਤੋਂ ਲੈ ਕੇ ਪੋਸਟ ਕਰਨ ਤੱਕ ਦੇ ਖਰਚੇ ਵੱਧ ਜਾਣ ਕਰਕੇ ਰਸਾਲੇ ਦੇ ਚੰਦੇ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਸਾਨੂੰ ਆਸ ਹੈ ਕਿ ਆਪ ਸੰਗਤਾਂ ਅਸੀਸ ਬਖਸ਼ ਕੇ ਇਸੇ ਤਰ੍ਹਾਂ ਅਗਾਂਹ ਵੀ ਸਹਿਯੋਗ ਬਖਸ਼ੋਗੇ। ਰਸਾਲੇ ਦਾ ਚੰਦਾ ਹੁਣ ਇਸ ਪ੍ਰਕਾਰ ਹੈ ਜੀ। ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ | ਦੇਸ਼ | ਵਿਦੇਸ਼ |
|---|---|---|
| ਇੱਕ ਸਾਲ | 150/- | 1200/- |
| ਦੋ ਸਾਲ | 300/- | 2400/- |
| ਪੰਜ ਸਾਲ | 600/- | 4800/- |
| ਲਾਈਫ | 2400/- | 19200/- |

ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

*—ਭਾਈ ਅਮਰੀਕ ਸਿੰਘ ਜੀ ਗਨੈਸਕ ਦੀ ਪੁਸਤਕ ਵਿੱਚੋਂ*

***ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-***

ਬਾਬਾ ਜੀ ਨੇ ਬਚਨ ਕਰਦਿਆਂ ਫੁਰਮਾਇਆ ਕਿ ਕਲਯੁੱਗ ਜਦ ਸ਼ੁਰੂ ਹੋਇਆ ਤਾਂ ਚਾਰੇ ਪਾਸੇ ਪਾਪ ਵੱਧਣ ਲੱਗਾ। ਧਰਤੀ ਨੇ ਨਿਰੰਕਾਰ ਅੱਗੇ ਅਰਦਾਸ ਕੀਤੀ।

***ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ ॥***
***ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਜਿ ਸੁਭਾਇ ॥***
*(ਅੰਗ ੧੨੮੧)*

ਧਰਤੀ ਨੇ ਬੇਨਤੀ ਕੀਤੀ ਕਿ ਆਪੋ ਆਪਣਾ ਨਾਮ ਜਪਾਉਣ ਵਾਲੇ ਬੜੇ ਆਏ, ਹੇ ਅਕਾਲ ਪੁਰਖ ਜੀ! ਕੋਈ ਐਸਾ ਭੇਜੋ, ਜੋ ਆਪ ਜੀ ਦਾ ਨਾਮ ਜਪਾਏ, ਜੋ ਸੱਚ ਨਾਲ ਜੋੜੇ, ਜੋ ਪਾਪਾਂ ਰੂਪੀ ਵਿਆਪ ਰਹੇ ਰੋਗ ਦਾ ਇਲਾਜ ਕਰੇ, ਉਧਰ ਮਾਤਾ ਤ੍ਰਿਪਤਾ ਜੀ ਵੀ ਅਰਦਾਸ ਕਰਦੇ ਸੀ। ਕਥਾ ਸੁਣਿਆ ਕਰਦੇ ਸੀ ਕਿ ਕਲਯੁੱਗ ਵਿੱਚ *"ਆਪਿ ਨਰਾਇਣੁ ਕਲਾ ਧਾਰਿ"* ਜਗ ਵਿੱਚ ਆਉਣਗੇ। ਸੋ ਮਾਤਾ ਤ੍ਰਿਪਤਾ ਜੀ ਨੇ ਬੇਨਤੀ ਕਰਨੀ ਕਿ ਮੇਰੀ ਗੋਦੀ ਨੂੰ ਭਾਗ ਲਾਓ, ਮੈਂ ਰੱਜ-ਰੱਜ ਸੇਵਾ ਕਰਾਂ। ਧਰਤੀ ਦੀ ਅਰਦਾਸ ਸਕਾਮਤਾ ਵਾਲੀ ਸੀ, ਪਰ ਮਾਤਾ ਜੀ ਦੀ ਅਰਦਾਸ ਨਿਸ਼ਕਾਮਤਾ ਵਾਲੀ ਸੀ। ਇਹ ਅਰਦਾਸ ਪਿਛਲੇ ਜਨਮਾਂ ਦੇ ਤਪ ਕਾਰਨ ਸੀ। ਪਿਛਲੇ ਜਨਮ ਵਿੱਚ ਮਾਤਾ ਤ੍ਰਿਪਤਾ ਜੀ, ਬੇਬੇ ਨਾਨਕੀ ਜੀ, ਪਿਤਾ ਕਾਲੂ ਜੀ, ਭਾਈਆ ਜੈ ਰਾਮ ਜੀ, ਭਾਈ ਲਾਲੋ ਜੀ, ਭਾਈ ਝੰਡਾ ਬਾਢੀ ਤੇ ਰਾਇ ਬੁਲਾਰ ਜੀ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਵਾਲੇ ਸਥਾਨ 'ਤੇ ਜਿੱਥੇ ਉਸ ਵੇਲੇ ਜੰਗਲ ਸੀ, ਤਪ ਕੀਤਾ ਸੀ। ਇਨ੍ਹਾਂ ਦੀ ਇੱਛਾ ਸੀ, ਨਿਰੰਕਾਰ ਦੇ ਦਰਸ਼ਨਾਂ ਦੀ, ਸੇਵਾ ਦੀ ਆਦਿ ਸਾਰਿਆਂ ਦੀ ਕੋਈ ਨਾ ਕੋਈ ਮੰਗ ਸੀ। ਸਮੇਂ ਅਨੁਸਾਰ ਦਰਗਾਹ ਵਿੱਚ ਗਏ ਤਾਂ ਉੱਪਰ ਦਿੱਤੇ ਨਾਮ ਅਨੁਸਾਰ ਸਾਰਿਆਂ ਨੇ ਨਿਰੰਕਾਰ ਨੂੰ ਦੁਨੀਆਂ ਦੇ ਕਲਿਆਣ ਲਈ ਆਉਣ ਦੀ ਬੇਨਤੀ ਕੀਤੀ। ਬੇਨਤੀ ਮਨਜ਼ੂਰ ਹੋਈ। ਹੁਕਮ ਹੋਇਆ, ਤੁਸੀਂ ਚਲੋ ਅਸੀਂ ਆਵਾਂਗੇ। ਸੋ ਇਸੇ ਕਾਰਨ ਮਾਤਾ ਜੀ ਇਹ ਬੇਨਤੀ ਕਰਦੇ ਸਨ। ਪਹਿਲਾਂ ਉਨ੍ਹਾਂ ਦੇ ਘਰ ਬੇਬੇ ਨਾਨਕੀ ਜੀ ਆਏ। ਬੇਨਤੀ ਕੀਤੀ ਕਿ ਆਪ ਜੀ ਨੇ ਆਉਣ ਦਾ ਬਚਨ ਕੀਤਾ ਸੀ ਤਾਂ ਦ੍ਰਿਸ਼ਟਾਂਤ ਹੋਇਆ ਕਿ ਪਹਿਲਾਂ ਸੇਵਾ ਲਈ ਸੇਵਾਦਾਰ ਭੇਜ ਰਹੇ ਹਾਂ, ਖਿਡਾਉਣ ਲਈ, ਪਰਸ਼ਾਦਾ ਪਾਣੀ ਛਕਾਉਣ ਲਈ ਸੇਵਾਦਾਰ ਭੇਜ ਰਹੇ ਹਾਂ। ਇਹ ਭਗਤੀ ਨੇ ਸਰੂਪ ਧਾਰਿਆ ਹੈ। ਸੋ ਭਗਤੀ ਤੋਂ ਪਿੱਛੋਂ ਹੀ ਗਿਆਨ ਹੁੰਦਾ ਹੈ। ਇਸ ਤੋਂ ਬਾਅਦ ਅਰਦਾਸ ਪ੍ਰਵਾਨ ਕਰਦੇ ਹੋਏ ਆਪ ਨਿਰੰਕਾਰ ਆਏ। ਅੰਮ੍ਰਿਤ ਵੇਲੇ ਬਾਰ੍ਹਾਂ ਵੱਜ ਕੇ ਤੇਰ੍ਹਾਂ ਮਿੰਟ ਤੇ ਅਵਤਾਰ ਧਾਰਿਆ। ਮਾਤਾ ਜੀ ਨੇ ਦੇਖਿਆ ਦੇਵਤੇ ਫੁੱਲ ਵਰਸਾਉਂਦੇ ਨੇ, ਕੋਈ ਅਤਰ ਛਿੜਕਦਾ ਹੈ। ਇਹ ਦ੍ਰਿਸ਼ ਮਾਤਾ ਜੀ ਨੂੰ ਦਿਖਾ ਵੀ ਦਿੱਤਾ, ਫਿਰ ਮਾਤਾ ਤ੍ਰਿਪਤਾ ਜੀ ਨੂੰ ਮਾਇਆ ਪਾ ਦਿੱਤੀ।

ਸੋ, ਧਰਤੀ ਦੀ ਪੁਕਾਰ ਸੁਣ ਕੇ ਨਿਰੰਕਾਰ ਨੇ ਆਪਣਾ ਰੂਪ ਧੰਨ ਗੁਰੂ ਨਾਨਕ ਦੇਵ ਜੀ ਦਾ ਬਣਾ ਕੇ ਜਗਤ ਦੇ ਕਲਿਆਣ ਲਈ ਅਵਤਾਰ ਧਾਰਿਆ।

***ਸੁਣੀ ਪੁਕਾਰਿ ਦਾਤਾਰ ਪ੍ਰਭੁ***
***ਗੁਰੁ ਨਾਨਕ ਜਗ ਮਾਹਿ ਪਠਾਇਆ।***
***ਚਰਨ ਧੋਇ ਰਹਰਾਸਿ ਕਰਿ***
***ਚਰਣਾਮ੍ਰਿਤੁ ਸਿਖਾਂ ਪੀਲਾਇਆ।***
***ਪਾਰਬ੍ਰਹਮੁ ਪੂਰਨ ਬ੍ਰਹਮੁ***

*ਕਲਿਜੁਗਿ ਅੰਦਰਿ ਇਕੁ ਦਿਖਾਇਆ।*
*ਚਾਰੇ ਪੈਰ ਧਰਮ ਦੇ ਚਾਰਿ ਵਰਨਿ*
*ਇਕੁ ਵਰਨੁ ਕਰਾਇਆ।*
*ਰਾਣਾ ਰੰਕੁ ਬਰਾਬਰੀ*
*ਪੈਰੀ ਪਾਵਣਾ ਜਗਿ ਵਰਤਾਇਆ।*
*ਉਲਟਾ ਖੇਲੁ ਪਿਰੰਮ ਦਾ*
*ਪੈਰਾ ਉਪਰਿ ਸੀਸੁ ਨਿਵਾਇਆ।*
*ਕਲਿਜੁਗੁ ਬਾਬੇ ਤਾਰਿਆ*
*ਸਤਿ ਨਾਮੁ ਪੜ੍ਹਿ ਮੰਤ੍ਰੁ ਸੁਣਾਇਆ।*
*ਕਲਿ ਤਾਰਣਿ ਗੁਰੁ ਨਾਨਕੁ ਆਇਆ ॥੨੩॥*
*(ਵਾਰ: ੧, ਪਉੜੀ ੨੩)*

ਬਚਨ ਕਰਦਿਆਂ ਬਾਬਾ ਜੀ ਨੇ ਵਿਸਥਾਰ ਸਹਿਤ ਵਿਚਾਰ ਕੀਤੀ। ਧਨਪਤ ਰਾਏ ਪਰਿਵਾਰ ਨਾਲ ਦੇਰ ਨਾਲ ਤੁਰਿਆ ਸੀ। ਉਸਨੂੰ ਪਹੁੰਚਦਿਆਂ ਪੰਜ ਵਜ ਗਏ। ਸਵੇਰੇ ਦੀਵਾਨ ਦੀ ਸਮਾਪਤੀ ਤੋਂ ਕੁਝ ਸਮੇਂ ਬਾਅਦ ਉਸਨੂੰ ਸੱਦ ਲਿਆ। ਬਹੁਤ ਤਾੜਿਆ। ਧਨਪਤ ਰਾਏ ਔਗੁਣਾਂ ਨੂੰ ਯਾਦ ਕਰਕੇ ਖਿਮਾ-ਜਾਚਨਾ ਕਰਨ ਲੱਗਾ। ਇਸ ਤਾੜਨਾ ਦਾ ਕਾਰਨ ਸਿਰਫ ਉਸਦੀ ਸ਼ਰਾਬ ਦੀ ਆਦਤ ਹੀ ਨਹੀਂ ਸੀ, ਇੱਕ ਹੋਰ ਵੀ ਸ਼ਿਕਾਇਤ ਸੀ ਉਸਦੇ ਖਿਲਾਫ ਆਈ ਸੀ। ਵੀਰ ਸਿੰਘ ਵਾਲੇ ਦੇ ਸੁਰੈਣ ਸਿੰਘ ਆਪਣੇ ਆਸੇ-ਪਾਸੇ ਦੇ ਪਿੰਡਾਂ ਵਿੱਚੋਂ ਬਣੀ ਹੋਈ ਧੜੇਬੰਦੀ ਵਿੱਚ ਸ਼ਾਮਲ ਸੀ। ਦੋਵਾਂ ਧੜਿਆਂ ਵਿੱਚ ਬਹੁਤ ਖਿੱਚੋਤਾਣ ਸੀ। ਕੁਝ ਗੱਲਾਂ ਨੂੰ ਲੈ ਕੇ ਮੁਕੱਦਮੇ ਵੀ ਚੱਲ ਪਏ।

ਸੁਰੈਣ ਸਿੰਘ ਪਹਿਲਾਂ ਤੋਂ ਹੀ ਅਜਿਹੇ ਕਿਸੇ ਨਾ ਕਿਸੇ ਮਾਮਲੇ ਵਿੱਚ ਸ਼ਾਮਲ ਹੁੰਦਾ, ਪਰ ਜਦ ਤੋਂ ਬਾਬਾ ਜੀ ਦੇ ਦਰਸ਼ਨ ਕੀਤੇ ਸਨ, ਕੁਝ ਘਟ ਗਿਆ ਸੀ, ਪਰ ਹਟਿਆ ਨਹੀਂ ਸੀ।

ਇਸ ਪੂਰਨਮਾਸ਼ੀ ਤੇ ਸਬੱਬ ਇਹ ਬਣਿਆ ਕਿ ਦੂਜੇ ਧੜੇ ਵਾਲੇ ਵੀ ਆਏ ਸਨ। ਦੋਨਾਂ ਪੱਖਾਂ ਨੂੰ ਬਾਬਾ ਜੀ ਨੇ ਬਹੁਤ ਤਾੜਿਆ। ਦੋਨਾਂ ਪੱਖਾਂ ਨੇ ਕੀਤੇ ਦੀ ਮਾਫੀ ਮੰਗੀ ਅਤੇ ਅੱਗੋਂ ਲਈ ਅਜਿਹਾ ਕੁਝ ਨਾ ਕਰਨ ਦਾ ਪ੍ਰਣ ਕੀਤਾ। ਧਨਪਤ ਰਾਏ ਦੀ ਵੀ ਕੁਝ ਇਸ ਤਰ੍ਹਾਂ ਦੀ ਸ਼ਿਕਾਇਤ ਆਈ ਸੀ। ਉਸਨੂੰ ਵੀ ਤਾੜਨਾ ਹੋਈ। ਉਸਨੇ ਵੀ ਅੱਗੋਂ ਲਈ ਤੋਬਾ ਕਰ ਲਈ।

ਉਧਰ ਪੂਰਨ ਸਿੰਘ ਹੁਰਾਂ ਨੂੰ ਆਪਣੀ ਭੁੱਲ ਦਾ ਅਹਿਸਾਸ ਹੋ ਗਿਆ ਸੀ। ਉਹ ਜਾਣ ਗਏ ਸਨ ਕਿ ਉਨ੍ਹਾਂ ਅੰਦਰ ਜੋ ਸੂਖਮ ਹੰਕਾਰ ਆ ਗਿਆ ਸੀ, ਉਸ ਨੇ ਇੰਜਣ ਚੱਲਣ ਨਹੀਂ ਸੀ ਦਿੱਤਾ। ਭੁੱਲ ਮੰਨਦੇ ਹੋਏ ਗੁਰੂ ਸਾਹਿਬ ਅੱਗੇ ਸੇਵਾ ਪ੍ਰਵਾਨ ਕਰਨ ਦੀ ਬੇਨਤੀ ਕੀਤੀ। ਬੇਨਤੀ ਪ੍ਰਵਾਨ ਹੋਈ। ਸ਼ਾਮ ਦੇ ਦੀਵਾਨ ਵੇਲੇ ਇੰਜਣ ਚਲਾਇਆ ਤਾਂ ਠੀਕ ਚੱਲ ਗਿਆ। ਸਾਰੀ ਰਾਤ ਠੀਕ ਚਲਦਾ ਰਿਹਾ। ਉਨ੍ਹਾਂ ਦੀ ਇਸ ਸੇਵਾ ਤੋਂ ਪ੍ਰਸੰਨ ਹੋ ਕੇ ਬਾਬਾ ਜੀ ਨੇ ਬਚਨ ਕੀਤਾ ਕਿ ਸੇਵਾ ਪ੍ਰਵਾਨ ਹੈ, ਪਰ ਅਜੇ ਇਸ ਸਭ ਦਾ ਸਮਾਂ ਨਹੀਂ ਆਇਆ।

ਕਿਲ੍ਹਾ ਗੁਜਰ ਤੋਂ ਪੂਰਨਮਾਸ਼ੀ ਤੇ ਭਾਈ ਮੂਲਾ ਸਿੰਘ ਵੀ ਆਇਆ ਸੀ। ਪਿਛਲੀ ਵਾਰ ਪਰਸ਼ਾਦ ਵਜੋਂ ਲਏ ਕੇਲਿਆਂ ਵਿੱਚੋਂ ਦੋ ਰਾਹ ਵਿੱਚ ਆਪਣੇ ਬੱਚਿਆਂ ਨੂੰ ਖੁਆਉਣ ਦੀ ਭੁੱਲ ਕਰ ਚੁੱਕਾ ਸੀ। ਇਸ ਵਾਰ ਉਹ ਅਲਸੀ ਦੀਆਂ ਪਿੰਨੀਆਂ ਲੈ ਕੇ ਆਇਆ ਸੀ। ਪਿੰਨੀਆਂ ਲਿਆਉਂਦਿਆਂ ਵੀ ਉਹ ਭੁੱਲ ਕਰ ਚੁੱਕਾ ਸੀ। ਪਿੰਨੀਆਂ ਵਾਲਾ ਡੱਬਾ ਬਿਸਤਰੇ ਵਿੱਚ ਰੱਖ ਲਿਆ। ਸਫ਼ਰ ਦੌਰਾਨ ਬਿਸਤਰੇ ਦੇ ਨਾਲ ਥੱਲੇ ਵੀ ਰੱਖਿਆ ਗਿਆ।

ਜੋ ਵਸਤੂ ਗੁਰੂ ਸਾਹਿਬ ਦੇ ਹਜ਼ੂਰ ਭੇਟ ਕੀਤੀ ਜਾਣੀ ਹੋਵੇ, ਭਾਵਨਾ ਨਾਲ ਸਿਮਰਨ ਕਰਦਿਆਂ ਬਣਾ ਕੇ ਸਤਿਕਾਰ ਨਾਲ ਲੈ ਕੇ ਆਉਣੀ ਚਾਹੀਦੀ ਹੈ। ਗੁਰ-ਪਰਮੇਸ਼ਰ ਕਿਸੇ ਪਦਾਰਥ ਦਾ ਭੁੱਖਾ ਨਹੀਂ, ਪ੍ਰੇਮ ਦਾ ਭੁੱਖਾ ਹੈ।

*ਗੋਬਿੰਦ ਭਾਉ ਭਗਤਿ ਦਾ ਭੁਖਾ ॥੭॥*
*(ਵਾਰ : ੧੦, ਪਉੜੀ ੭)*

ਭਾਵਨਾ ਕੋਈ ਦਿਖਾਵਾ ਨਹੀਂ ਜੋ ਕੋਈ ਆਖੇ ਕਿ ਕ੍ਰਿਸ਼ਨ ਜੀ ਨੇ ਬਿਦਰ ਦੇ ਘਰ ਕੇਲੇ ਦੇ ਛਿੱਲੜ ਖਾਧੇ ਸਨ, ਮੇਰੀ ਇਹ ਵਸਤੂ ਕਿਉਂ ਨਹੀਂ ਪ੍ਰਵਾਨ ਹੋਵੇਗੀ। ਇਹ ਹੰਕਾਰ ਹੈ। ਬਿਦਰ ਦੀ ਪਤਨੀ ਨੇ ਕੋਈ ਜਾਣ ਕੇ ਤਾਂ ਛਿੱਲੜ ਨਹੀਂ ਸਨ ਦਿੱਤੇ, ਉਸਨੂੰ ਤਾਂ ਖੁਸ਼ੀ ਵਿੱਚ ਸੁਧ-ਬੁਧ ਹੀ ਭੁੱਲ ਗਈ ਸੀ। ਇਹ ਪ੍ਰੇਮ ਸੀ। ਮਲਕ ਭਾਗੋ ਵੀ ਉਪਰੋਂ ਬੜਾ ਭਾਵਨਾ ਵਾਲਾ ਤੇ ਦਾਨੀ ਬਣਦਾ ਸੀ, ਪਰ ਸੀ ਹੰਕਾਰੀ ਪਰ ਦੂਜੇ ਪਾਸੇ ਭਾਈ ਲਾਲੋ ਜੀ ਭਾਵਨਾ ਵਾਲੇ ਸਨ।

ਜੋ ਪ੍ਰੇਮ ਵਾਲਾ ਹੋਵੇਗਾ, ਆਪਣੀ ਸਮਰੱਥਾ ਅਨੁਸਾਰ ਚੰਗੀ ਤੋਂ ਚੰਗੀ ਚੀਜ਼ ਬਣਾ ਕੇ ਸਤਿਕਾਰ ਨਾਲ ਲੈ ਜਾ ਕੇ ਗੁਰੂ ਸਾਹਿਬ ਨੂੰ ਭੇਟ ਕਰੇਗਾ। ਭਾਵਨਾ ਵਾਲਿਆਂ ਦੇ ਤਾਂ ਹਿਰਦੇ ਤੇ ਗੁਰੂ ਸਾਹਿਬ ਨਿਵਾਸ ਕਰਦੇ ਨੇ। ਭਾਵਨਾ ਸੀ ਨਾ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੂੰ! ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਸਨ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਲਾਹੌਰ ਗਏ। ਆਉਣ ਲੱਗਿਆਂ ਸੋਚਿਆ ਗੁਰੂ ਸਾਹਿਬ ਨੂੰ ਭੇਟ ਕਰਨ ਲਈ ਕੁਝ ਲੈ ਲਵਾਂ। ਦੇਖਿਆ ਦੁਕਾਨ ’ਤੇ ਬਹੁਤ ਸੋਹਣਾ ਕੱਪੜਾ ਪਿਆ ਸੀ। ਸੋਚਿਆ ਗੁਰੂ ਸਾਹਿਬ ਨੂੰ ਇਸ ਕੱਪੜੇ ਦਾ ਚੋਲਾ ਸਵਾ ਕੇ ਭੇਟ ਕਰਾਂ, ਪਰ ਐਨੇ ਪੈਸੇ ਨਹੀਂ ਸਨ ਕਿ ਕੱਪੜਾ ਖਰੀਦ ਸਕਦੇ। ਸੁਰਤੀ ਨਾਲ ਹੀ ਕੱਪੜਾ ਖਰੀਦਿਆ, ਚੋਲਾ ਸਵਾਇਆ ਤੇ ਸੁਰਤੀ ਨਾਲ ਹੀ ਗੁਰੂ ਸਾਹਿਬ ਨੂੰ ਭੇਟ ਕਰ ਦਿੱਤਾ। ਉਧਰ ਗੁਰੂ ਸਾਹਿਬ ਬਿਰਾਜਮਾਨ ਨੇ, ਬਾਹਾਂ ਉਤਾਂਹ ਚੁੱਕ ਕੇ ਇਸ ਤਰ੍ਹਾਂ ਥੱਲੇ ਕੀਤੀਆਂ ਜਿਵੇਂ ਚੋਲਾ ਪਾ ਰਹੇ ਹੋਣ। ਸਿੱਖਾਂ ਨੇ ਪੁੱਛਣਾ ਕੀਤਾ ਜੀ ਇਸ ਕੌਤਕ ਦਾ ਕੀ ਕਾਰਨ ਹੈ? ਤਾਂ ਹਜ਼ੂਰ ਨੇ ਦੱਸਿਆ ਕਿ ਭਾਈ ਜੇਠਾ ਜੀ ਨੇ ਚੋਲਾ ਭੇਟ ਕੀਤਾ ਹੈ। ਇਹ ਹੈ ਪ੍ਰੇਮ।

ਹੁਣ ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰੂ ਸਾਹਿਬ ਨੂੰ ਭੇਟ ਕਰਨ ਲਈ ਅੰਬ ਲੈ ਲਿਆ। ਸਤਿਕਾਰ ਨਾਲ ਲੈ ਕੇ ਸ੍ਰੀ ਗੋਇੰਦਵਾਲ ਸਾਹਿਬ ਵੱਲ ਚਾਲੇ ਪਾ ਦਿੱਤੇ। ਰਾਹ ਵਿੱਚ ਰਾਤ ਕੱਟੀ। ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਨਿਤਨੇਮ ਕੀਤਾ ਅਤੇ ਚਾਲੇ ਪਾ ਦਿੱਤੇ।

ਜਦ ਭੈਰੋਵਾਲ ਪਿੰਡ ਪੁੱਜੇ ਤਾਂ ਗਰਮੀ ਨਾਲ ਅੰਬ ਵਿੱਚੋਂ ਰਸ ਚੋਣ ਲੱਗਾ। ਵਿਚਾਰਿਆ ਕਿ ਇਸ ਹਾਲ ਵਿੱਚ ਤਾਂ ਸ੍ਰੀ ਗੋਇੰਦਵਾਲ ਸਾਹਿਬ ਜਾਣ ਤੱਕ ਅੰਬ ਗੁਰੂ ਸਾਹਿਬ ਨੂੰ ਭੇਟ ਕਰਨ ਯੋਗ ਨਹੀਂ ਰਹੇਗਾ। ਕੋਈ ਹੋਰ ਹੁੰਦਾ ਤਾਂ ਜੀਭ ਦੇ ਰਸ ਵਾਸਤੇ ਇਸ ਗੱਲ ਨੂੰ ਬਹਾਨਾ ਬਣਾ ਲੈਂਦਾ ਪਰ ਸ੍ਰੀ ਗੁਰੂ ਰਾਮਦਾਸ ਜੀ ਨੇ ਅਰਦਾਸ ਕਰਕੇ, ਸ੍ਰੀ ਗੁਰੂ ਅਮਰਦਾਸ ਜੀ ਦਾ ਧਿਆਨ ਕਰਕੇ ਅੰਬ ਚੂਪ ਲਿਆ।

ਜਦ ਸ੍ਰੀ ਗੋਇੰਦਵਾਲ ਸਾਹਿਬ ਪਹੁੰਚ ਕੇ ਗੁਰੂ ਸਾਹਿਬ ਦੇ ਚਰਨਾਂ ’ਤੇ ਮੱਥਾ ਟੇਕਿਆ ਤਾਂ ਹਜ਼ੂਰ ਨੇ ਪੁੱਛਿਆ, “ਭਾਈ ਜੇਠਾ ਸਾਡੇ ਲਈ ਕੀ ਲਿਆਏ ਹੋ।” ਧੰਨ ਗੁਰੂ ਰਾਮਦਾਸ ਜੀ ਨੇ ਹੱਥ ਜੋੜ ਸਾਰੀ ਗੱਲ ਦੱਸ ਦਿੱਤੀ। ਧੰਨ ਸ੍ਰੀ ਗੁਰੂ ਅਮਰਦਾਸ ਜੀ ਬਹੁਤ ਪ੍ਰਸੰਨ ਹੋਏ। ਬਚਨ ਕੀਤਾ ਭਾਈ ਜੇਠਾ ਜੀ ਤੁਹਾਡੀਆਂ ਭੇਟ ਕੀਤੀਆਂ ਦੋਵੇਂ ਚੀਜ਼ਾਂ ਸਾਡੇ ਪਾਸ ਪਹੁੰਚ ਗਈਆਂ ਨੇ। ਆਪ ਜੀ ਨੇ ਭਾਈ ਬਲੂ ਪਾਸੋਂ ਅੰਬ ਦੀ ਗਿਟਕ ਵੀ ਮੰਗਾ ਦੇ ਦਿਖਾਈ। ਹੈ ਨਾ ਪ੍ਰੇਮ ਦਾ ਭੁਖਾ ਗੋਵਿੰਦ। ਜਿੰਨਾ ਗੁਰੂ ਨਾਲ ਪ੍ਰੇਮ ਹੋਵੇਗਾ ਉਨਾ ਹੀ ਅਦਬ ਸਿੱਖ ਗੁਰੂ ਦਾ ਕਰੇਗਾ ਤੇ ਜਿੰਨਾ ਸਿੱਖ ਗੁਰੂ ਦਾ ਅਦਬ ਕਰੇਗਾ, ਉਨੀ ਹੀ ਪ੍ਰਸੰਨਤਾ ਹੋਵੇਗੀ।

ਮੂਲਾ ਸਿੰਘ ਅਜੇ ਅਦਬ ਦੀਆਂ ਜਮਾਤਾਂ ਤੋਂ ਪੂਰੀ ਤਰ੍ਹਾਂ ਜਾਣੂ ਨਹੀਂ ਸੀ। ਬਾਬਾ ਜੀ ਚਾਹੁੰਦੇ ਕਿ ਗੁਰੂ ਸਾਹਿਬ ਨੂੰ ਭੇਟ ਕਰਨ ਲਈ ਜੋ ਕੁਝ ਵੀ ਲਿਆਂਦਾ ਹੋਵੇ, ਹੱਕ ਦੀ ਕਮਾਈ ਦਾ ਹੋਵੇ ਅਤੇ ਅਦਬ ਨਾਲ ਲਿਆਂਦਾ ਜਾਵੇ। ਬਾਬਾ ਜੀ ਨੇ ਮੂਲਾ ਸਿੰਘ ਨੂੰ ਉਸਦੀ ਭੁੱਲ ਦਾ ਅਹਿਸਾਸ ਕਰਾਉਂਦਿਆਂ ਅੱਗੋਂ ਲਈ ਸੁਚੇਤ ਕਰ ਦਿੱਤਾ।

*—ਚਲਦਾ*

ਬੱਚਿਆਂ ਲਈ ਵਿਸ਼ੇਸ਼

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ "**400 ਸਾਲ ਗੁਰ ਇਤਿਹਾਸ ਦੇ ਨਾਲ**" ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

***ਨੋਟ : ਸਿਫਤਿ ਸਾਲਾਹ ਵਿੱਚ ਪਰਖ ਤੇ ਪ੍ਰਪੱਕਤਾ ਕਾਲਮ ਦੀ ਜਗ੍ਹਾ ਤੇ ਹੁਣ ਪ੍ਰਸ਼ਨ-ਉੱਤਰਾਂ ਦਾ ਇਹ ਨਵਾਂ ਕਾਲਮ ਸ਼ੁਰੂ ਕੀਤਾ ਗਿਆ ਹੈ ਜੀ।***

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**3. ਪ੍ਰ: ਧੰਨ ਧੰਨ ਸ੍ਰੀ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿਖੇ ਕਿਨ੍ਹਾਂ ਨੇ ਦੁੱਧ ਛਕਾਉਣ ਦੀ ਸੇਵਾ ਨਿਭਾਈ?**

ਉ: ਬਾਬਾ ਮੋਤੀ ਰਾਮ ਮਹਿਰਾ ਜੀ ਨੇ

ਬਾਬਾ ਮੋਤੀ ਰਾਮ ਮਹਿਰਾ ਜੀ ਸਿੱਖ ਪੰਥ ਦੇ ਲਾਸਾਨੀ ਅਤੇ ਸ਼੍ਰੋਮਣੀ ਸ਼ਹੀਦ ਹੋਏ ਹਨ। ਜਿਨ੍ਹਾਂ ਨੇ ਗੁਰੂ ਚਰਨਾਂ ਵਿੱਚ ਭਿੱਜ ਕੇ ਆਪਣਾ ਤਨ, ਮਨ ਤੇ ਧਨ ਨਿਛਾਵਰ ਕੀਤਾ। ਇਨ੍ਹਾਂ ਦਾ ਜਨਮ 1677 ਈਸਵੀ ਨੂੰ ਪਿਤਾ ਹਰਾ ਰਾਮ ਜੀ ਦੇ ਘਰ ਮਾਤਾ ਲੱਧੋ ਜੀ ਦੀ ਕੁੱਖ ਤੋਂ ਹੋਇਆ। ਇਹ ਹਰਾ ਰਾਮ ਜੀ ਇੱਕ ਵਾਰ ਸ੍ਰੀ ਅਨੰਦਪੁਰ ਸਾਹਿਬ ਰਸਦ ਲੈ ਕੇ ਜਾ ਰਹੇ ਸਨ ਤਾਂ ਮੁਗਲ ਫੌਜਾਂ ਨੇ ਇਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਸੀ।

ਧੰਨ ਧੰਨ ਮਾਤਾ ਗੁਜਰ ਕੌਰ ਜੀ ਅਤੇ ਸਤਿਕਾਰਯੋਗ ਛੋਟੇ ਸਾਹਿਬਜ਼ਾਦਿਆਂ ਨੂੰ ਜਦੋਂ ਠੰਡੇ ਬੁਰਜ ਰੱਖਿਆ ਹੋਇਆ ਸੀ ਤਾਂ ਬਾਬਾ ਮੋਤੀ ਰਾਮ ਮਹਿਰਾ ਜੀ ਨੇ ਆਪਣਾ ਸਾਰਾ ਕੁਝ ਗੁਰੂ ਚਰਨਾਂ ਤੋਂ ਕੁਰਬਾਨ ਕਰਦਿਆਂ ਆਪਣੀ ਪਤਨੀ ਦੇ ਸਾਰੇ ਗਹਿਣੇ ਸਿਪਾਹੀਆਂ ਨੂੰ ਦੇ ਕੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਦੁੱਧ ਛਕਾਉਣ ਦੀ ਪਾਵਨ ਸੇਵਾ ਨਿਭਾਈ। ਇਹ ਸੇਵਾ ਨਿਭਾਉਣ ਤੇ ਮਾਤਾ ਜੀ ਨੇ ਬੇਅੰਤ ਅਸੀਸਾਂ ਬਖਸ਼ੀਆਂ :

*ਪਿਖ ਕੇ ਪ੍ਰੇਮ ਸੁ ਮੋਤੀ ਕੇਰਾ।*
*ਮਾਤਾ ਕਹਯੋ ਭਲਾ ਹੋਵੈ ਤੇਰਾ।*

ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਾਕੇ ਦੀ ਖਬਰ ਵੀ ਬਾਬਾ ਮੋਤੀ ਰਾਮ ਮਹਿਰਾ ਜੀ ਨੇ ਹੀ ਮਾਤਾ ਜੀ ਨੂੰ ਠੰਡੇ ਬੁਰਜ ਜਾ ਕੇ ਬੜੇ ਦੁਖੀ ਮਨ ਨਾਲ ਵੈਰਾਗ ਵਿੱਚ ਸੁਣਾਈ। ਬਾਬਾ ਮੋਤੀ ਰਾਮ ਮਹਿਰਾ ਜੀ ਨੇ ਹੀ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਪਾਵਨ ਸਰੀਰਾਂ ਨੂੰ ਅਗਨ ਭੇਟ ਕਰਨ ਲਈ ਦੀਵਾਨ ਟੋਡਰ ਮੱਲ ਜੀ ਨਾਲ ਰਲ ਕੇ ਚੰਦਨ ਦੀ ਲੱਕੜ ਦਾ ਇੰਤਜ਼ਾਮ ਅੱਤੇ ਖਾਨ ਨਾਮੀ ਲੱਕੜਹਾਰੇ ਤੋਂ ਕੀਤਾ ਅਤੇ ਇਨ੍ਹਾਂ ਪਾਵਨ ਸਰੀਰਾਂ ਨੂੰ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ, ਸ੍ਰੀ ਫਤਹਿਗੜ੍ਹ ਸਾਹਿਬ ਵਾਲੇ ਅਸਥਾਨ ਤੇ ਅਗਨ ਭੇਟ ਕੀਤਾ। ਉਪਰੰਤ ਗੰਗੂ ਬ੍ਰਾਹਮਣ ਦਾ ਚਚੇਰਾ ਭਰਾ ਜਿਸ ਦਾ ਨਾਂ ਪੰਮਾ ਲੰਗਾ ਆਇਆ ਹੈ, ਇਹ ਵਜੀਦ ਖਾਂ ਕੋਲ ਰਸੋਈਏ ਦੀ ਨੌਕਰੀ ਕਰਦਾ ਸੀ, ਨੇ ਸ਼ਿਕਾਇਤ ਵਜੀਦ ਖਾਂ ਨੂੰ ਕੀਤੀ। ਬਾਬਾ ਜੀ

ਅਤੇ ਇਨ੍ਹਾਂ ਦੇ ਸਾਰੇ ਪਰਿਵਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਬਾਬਾ ਮੋਤੀ ਰਾਮ ਜੀ ਸਮੇਤ ਸਾਰੇ ਪਰਿਵਾਰ ਨੂੰ ਕੋਹਲੂ ਵਿੱਚ ਪੀੜ ਕੇ ਸ਼ਹੀਦ ਕਰ ਦਿੱਤਾ ਗਿਆ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਜਦੋਂ ਰਾਏ ਕੋਟ ਵਿੱਚ ਨੂਰੇ ਮਾਹੀ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ ਸੁਣਾਈ ਤੇ ਨਾਲ ਹੀ ਦੱਸਿਆ ਕਿ ਬਾਬਾ ਮੋਤੀ ਰਾਮ ਮਹਿਰਾ ਜੀ ਨੇ ਬਹੁਤ ਸੇਵਾ ਨਿਭਾਈ ਹੈ ਤੇ ਉਨ੍ਹਾਂ ਦਾ ਸਾਰਾ ਪਰਿਵਾਰ ਸ਼ਹੀਦ ਕਰ ਦਿੱਤਾ ਗਿਆ ਹੈ। ਫਿਰ ਗੁਰੂ ਕਲਗੀਧਰ ਪਿਤਾ ਜੀ ਨੇ ਬਚਨ ਕੀਤਾ, ਜਗਤ ਦਾ ਤਮਾਸ਼ਾ ਦੇਖ ਕੇ ਜਦੋਂ ਅਸੀਂ ਸੱਚਖੰਡ ਜਾ ਕੇ ਬਿਰਾਜਾਂਗੇ ਤੇ ਬਾਬਾ ਮੋਤੀ ਰਾਮ ਮਹਿਰਾ ਜੀ ਦਾ ਵਸੇਬਾ ਬਿਲਕੁਲ ਸਾਡੇ ਨਜ਼ਦੀਕ ਹੋਵੇਗਾ।

***ਜਬ ਹਮ ਦਰਗਹ ਜਾਇ ਬਿਰਾਜੈ।***
***ਮੋਤੀ ਰਾਮ ਹਮ ਨਿਕਟ ਰਹਾਜੈ।***

ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਜਦੋਂ ਸਰਹਿੰਦ ਫਤਹਿ ਕੀਤੀ, ਬਾਬਾ ਮੋਤੀ ਰਾਮ ਮਹਿਰਾ ਜੀ ਦੀ ਲਾਸਾਨੀ ਕੁਰਬਾਨੀ ਦਾ ਪਤਾ ਲੱਗਾ ਤੇ ਫਿਰ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਕਿਹਾ:

***ਧੰਨ ਮੋਤੀ ਜਿਨੁ ਪੁੰਨ ਕਮਾਇਆ।***
***ਗੁਰ ਲਾਲਾਂ ਤਾਈਂ ਦੁੱਧ ਪਿਲਾਇਆ।***

❖❖❖

**4. ਪ੍ਰ: ਅੰਮ੍ਰਿਤ ਦੇ ਦਾਤੇ ਅਤੇ ਸਰਬੰਸਦਾਨੀ ਦੇ ਨਾਵਾਂ ਨਾਲ ਕਿਹੜੇ ਗੁਰੂ ਸਾਹਿਬ ਜੀ ਨੂੰ ਯਾਦ ਕੀਤਾ ਜਾਂਦਾ ਹੈ?**

ਉ: ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਰੇ ਜਿੰਨਾ ਵੀ ਕਹਿ ਲਈਏ ਥੋੜ੍ਹਾ ਹੈ। ਲਾਲਾ ਦੌਲਤ ਰਾਏ ਜੀ ਨੇ ਬੜਾ ਹੀ ਸੁੰਦਰ ਲਿਖਿਆ ਹੈ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਰੇ:

***ਐ ਈਸ਼ਵਰ ਤੇਰੀ ਸ਼ਕਤੀ ਦੀ ਇੰਤਹਾ, ਤੇਰੀ ਸਿਆਣਪ ਦੀ ਇੰਤਹਾ, ਤੇਰੀ ਕਲਾ ਦੀ ਇੰਤਹਾ, ਤੇਰੇ ਸੁਹੱਪਣ ਦੀ ਇੰਤਹਾ, ਤੇਰੇ ਰਸ ਦੀ ਇੰਤਹਾ।***

ਈਸ਼ਵਰ ਦੀ ਜਦ ਸਾਰੀ ਸ਼ਕਤੀ ਇਕੱਠੀ ਹੋਈ, ਈਸ਼ਵਰ ਦੀ ਜਦ ਸਾਰੀ ਸਿਆਣਪ ਇਕੱਠੀ ਹੋਈ, ਈਸ਼ਵਰ ਦੀ ਜਦ ਸਾਰੀ ਕਲਾ ਇਕੱਠੀ ਹੋਈ, ਈਸ਼ਵਰ ਦਾ ਜਦ ਸਾਰਾ ਸੁਹੱਪਣ ਇਕੱਠਾ ਹੋਇਆ, ਈਸ਼ਵਰ ਦਾ ਜਦ ਸਾਰਾ ਰਸ ਇਕੱਠਾ ਹੋਇਆ ਤੇ ਉਸ ਸਾਰੇ ਜੋੜ ਤੋਂ ਇੱਕ ਮੁਜੱਸਮਾ ਬਣਿਆ ਤੇ ਉਸ ਮੁਜੱਸਮੇ ਦਾ ਨਾਂ ਹੈ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ।

ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ, ਐ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਤੇਰੇ ਕਿਹੜੇ-ਕਿਹੜੇ ਗੁਣ ਬਿਆਨ ਕਰੀਏ। ਜੇ ਕੋਈ ਵੈਰਾਗੀ ਹੈ ਤੇ ਤਿਆਗੀ ਨਹੀਂ। ਜੇ ਕੋਈ ਤਿਆਗੀ ਹੈ ਤੇ ਲਿਖਾਰੀ ਨਹੀਂ। ਜੇ ਕੋਈ ਲਿਖਾਰੀ ਹੈ ਤੇ ਕਵੀ ਨਹੀਂ। ਜੇ ਕੋਈ ਕਵੀ ਹੈ ਤੇ ਯੋਧਾ ਨਹੀਂ। ਜੇ ਕੋਈ ਯੋਧਾ ਹੈ ਤੇ ਦਾਨੀ ਨਹੀਂ ਪਰ ਹੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ! ਤੇਰੇ ਵਿੱਚ ਸਾਰੇ ਗੁਣ ਮੌਜੂਦ ਹਨ। ਦੁਨੀਆਂ ਦੇ ਸਾਰੇ ਦਾਨੀ ਇਕੱਠੇ ਕਰ ਲਈਏ, ਹੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਤੁਸੀਂ ਸਭ ਤੋਂ ਵੱਡੇ ਦਾਨੀ ਹੋ। ਦੁਨੀਆਂ ਦੇ ਸਾਰੇ ਤਿਆਗੀ ਇਕੱਠੇ ਕਰ ਲਈਏ, ਹੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਤੁਸੀਂ ਸਭ ਤੋਂ ਵੱਡੇ ਤਿਆਗੀ ਹੋ। ਦੁਨੀਆਂ ਦੇ ਸਾਰੇ ਲਿਖਾਰੀ ਇਕੱਠੇ ਕਰ ਲਈਏ, ਹੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਤੁਸੀਂ ਸਭ ਤੋਂ ਵੱਡੇ ਲਿਖਾਰੀ ਹੋ। ਦੁਨੀਆਂ ਦੇ ਸਾਰੇ ਯੋਧੇ ਇਕੱਠੇ ਕਰ ਲਈਏ, ਹੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਤੁਸੀਂ ਸਭ ਤੋਂ ਵੱਡੇ ਯੋਧੇ ਹੋ। ਤੇਰੇ ਕਿਹੜੇ-ਕਿਹੜੇ ਗੁਣ ਬਿਆਨ ਕਰੀਏ? ਤੇਰਾ ਨਹੀਂ ਬਣਨਾ ਤੇ ਹੋਰ ਕਿਸ ਦਾ ਬਣਨਾ ਹੈ? ਕਹਿਣਾ ਵੀ ਨਾ ਪਵੇ, ਅੰਮ੍ਰਿਤ ਛੱਕ ਲਓ। ਅੰਦਰੋਂ ਇੰਨਾ ਚਾਅ ਹੋਵੇ ਕਿ ਅੰਮ੍ਰਿਤ ਵੀ ਛਕਣਾ ਹੈ ਤੇ ਸੰਭਾਲ ਵੀ ਕਰਨੀ ਹੈ। ਇਹ ਪੰਜ ਕਕਾਰ ਸਰੀਰ ਤੇ ਧਾਰਨ ਕਰੀਏ ਤੇ ਇਹ ਗਹਿਣੇ ਜਾਪਣ।

❖❖❖

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

*ਸੰਗ੍ਰਹਿ ਕਰਤਾ*
*-ਸੰਪਾਦਕ*

**274**

ਮਨ ਵੱਸ ਵਿੱਚ ਕਿਵੇਂ ਆਉਂਦਾ ਹੈ? ਮਹਾਂਪੁਰਖਾਂ ਦੀ ਸੰਗਤ ਕਰਕੇ। ਇਸ ਲਈ ਸੰਗਤ ਕਰਨੀ ਬਹੁਤ ਜ਼ਰੂਰੀ ਹੈ।

**275**

ਜਿਉਂ ਜਿਉਂ ਬਿਰਤੀ ਗੁਰੂ ਚਰਨਾਂ ਵਿੱਚ ਖੁੱਭੇਗੀ, ਸੂਖਸ਼ਮਤਾ ਵਿੱਚ ਆਵੇਗੀ, ਭਾਵਨਾ ਵਧੇਗੀ। ਮਿਹਨਤ ਥੋੜ੍ਹੀ ਮਹਾਤਮ ਬਹੁਤਾ।

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

**108**

ਜੇਕਰ ਸਰੀਰ ਨੂੰ ਦੁਨਿਆਵੀ ਧੰਦਿਆਂ ਵਿੱਚ ਹੀ ਲਗਾ ਦਿੱਤਾ ਤਾਂ ਜਿਹੇ ਜਿਹਾ ਇਹ ਸਰੀਰ ਧਾਰਿਆ ਜਿਹੇ ਜਿਹਾ ਨਾ ਧਾਰਿਆ।

**109**

ਸਤਿਸੰਗ ਰੂਪੀ ਬਾਰਿਸ਼ ਪੈ ਜਾਵੇ ਤਦ ਹਿਰਦੇ ਵਿੱਚ ਪਿਆ ਪਿਛਲੇ ਜਨਮਾਂ ਦਾ ਭਗਤੀ ਦਾ ਬੀਜ ਉੱਗ ਪੈਂਦਾ ਹੈ।

*—ਭਾਈ ਅਮਰੀਕ ਸਿੰਘ ਗਨੈਸ਼ਕ*

# प्रश्न–उत्तर

# ज़िंदगी की बारीकियाँ

गुरु साहिब जी की कृपा और भाई साहिब भाई गुरइकबाल सिंघ जी की प्रेरणा से ज़िंदगी की बारीकियाँ कालम **'सिफति सालाह रसाले'** में पिछले कई वर्षों से प्रकाशित हो रहा है। इस कालम में संगतों द्वारा भाई साहिब जी को समय–समय पर पूछे जाने वाले सवालों के जवाब दिए जाते हैं तांकि गुरमति अनुसार उन प्रश्नों का, उन मुश्किलों का निवारण किया जा सके और ज़िंदगी की बारीकियाँ निकल सकें। इसी कालम की श्रृंखला को आगे जारी रखते हस्तलिखित अंक से भाई साहिब जी के कीर्तन के उन अंशों को सवाल–जवाब के रूप में हू–ब–हू प्रकाशित किया जा रहा है, जिन में से भाई साहिब जी कीर्तन करते संगत को आम रूप में आने वाली दुनियावी और आध्यात्मिक कठिनाई का गुरमति अनुसार समाधान बताते हैं।

*श्रृंखला जोड़ने के लिए पिछला अंक देखें–*

**476. प्रश्नः आदरणीय वीर जी, क्या सिक्ख के जीवन में ऐसा समय भी आता है कि गुरु साहिब स्वयं प्रसन्न होकर पूछें कि सिक्खा मांग क्या मांगता है?**

**उत्तरः** बिलकुल आता है, हमारा इतिहास भरा पड़ा है। बस उस मार्ग पर चलने की जरूरत है, जिसके जीवन में समर्पण भक्ति आ गई, गुरु साहिब प्रसन्न होकर स्वयं पूछते हैं मांग क्या मांगता है? समर्पण किसको कहते हैं, यदि वाहिगुरु ने आपको कार दी है, हे वाहिगुरु! यह कार भी तेरी संगतों के लिए है। घर दिया है तो यह भी तेरी संगतों के लिए है। यह बहुत बड़ा गढ़ है। यह हर किसी का नहीं टूटता। जो हम बोलते हैं:

*तनु मनु धनु सभु सउपि गुर कउ*
*हुकमि मंनिऐ पाईऐ ॥*

*(अंग ६१८)*

यह गढ़ है इसको तोड़कर निकल जाओ फिर आगे रस ही रस है। जिसका यह गढ़ टूट जाए, दास गुरु साहिब की हजूरी में विनती करता है, जिसका यह गढ़ टूट जाए, उसको मांगने की जरूरत नहीं पड़ती। उसको गुरु साहिब आवाज देकर कहते हैं, बताओ क्या चाहिए? यह कब कहते हैं गुरु साहिब, जब सिक्ख समर्पण की अवस्था पर पहुँच जाता है और कहता है, हे गुरु नानक साहिब! मेरा घर भी आपका, मेरी गाड़ियाँ भी आपकी, माया भी आपकी, कोई गुण है वह भी आपका। यह गुण आता कैसे है? गुरु की संगत की सेवा करके। यदि किसी की पकड़ में बात न आई हो तो इतिहास में धन्य धन्य श्री गुरु रामदास जी के बड़े प्यारे सिक्ख हुए हैं भाई आदम जी, उनका इतिहास में जिक्र आता है।

भाई आदम जी, मालवा निवासी, कई साल हो गए घर में कोई औलाद नहीं। धन्य गुरु रामदास जी महाराज के चरणों में विनती करने आए, घर कोई पौधा लगे, औलाद हो।

## पुंती गंढु पवै संसारि।।

*(अंग १४३)*

दिन व्यतीत हो रहे हैं। सेवा करते जा रहे हैं। सब ने जिक्र सुना है। एक तत्व लेना जो गढ़ टूट गया। रात के लगभग दस बजे का समय होगा, दो–तीन सिक्ख धन्य गुरु रामदास जी के पास जाकर विनती करते हैं, सच्चे पातशाह जी! हवा बहुत तेज चल रही है और बारिश भी बहुत तेज हो रही है, जिस कारण लंगर की काफी लकड़ी गीली हो गई है। बहुत सारे बुजुर्ग, बच्चे व स्त्रियाँ बाहर से आई हैं। सर्दी भी बहुत पड़ रही है। संगत ठिठुर रही है। महाराज जी, कृपा करो।

सुल्तानविंड चौंक, चाटीविंड चौंक यह सब पहले जंगल होता था। यहाँ से लकड़ियां जुटाते थे। एक गट्ठर लकड़ियों का अपने घर फैंकते थे और एक गुरु घर सेवा में। कहते जब बहुत तेज बारिश हो रही थी उस समय भाई आदम जी के घर जितनी लकड़ी मौजूद थी, भाई आदम जी ने सारी लकड़ी लाकर अलग–अलग स्थानों पर ढेरी बनाकर अग्नि जला दी। अब जो संगतें ठिठुर रही थीं, बुजुर्ग, बच्चे तथा स्त्रियां आग के इर्द–गिर्द बैठकर आग सेंक रही हैं और साथ ही कीर्तन हो रहा है, ढोलकी–छैनों से बाणी पढ़ी जा रही है। जो आग जलाई है, वह आपको पता है कि घण्टे–आधे घण्टे बाद लकड़ी ने समाप्त हो जाना है। ठण्डी हवा चल रही है। लकड़ी खत्म हुई, आग धीमी हो गई, नरम हो गई। भाई आदम जी सोचने लगे, अब क्या करूँ? घर गए, जितनी लकड़ी थी वह भी लाकर जला दी। आधा घण्टा, घण्टा बीता। वह लकड़ी भी खत्म हो गई। अभी एक डेढ़ बजा है। सुबह नहीं हुई। दूसरी बार भी जब घर से लकड़ी लाकर आग में रखी, अब और नहीं है घर में लकड़ी। अभी एक–डेढ़ बजा है। हवा के झोंके बह रहे हैं। दो बार जितनी लकड़ी लेकर आए, वह मध्यम हो गई। आग कम होती जा रही है। सोचते हैं भाई आदम जी अब क्या करूँ? फिर तीसरा काम जो भाई आदम जी ने किया, वह कोई विरला कर सकता है। यह गढ़ किसी–किसी का टूटता है। बहुत मुश्किल है। जो तीसरा काम किया, अपने घर गए भाई आदम जी और अपने घर की चौगाठें, दरवाज़े–खिड़कियाँ उखाड़ कर गुरु की संगत के लिए वहाँ आग तेज करने के लिए रख दीं। मन में क्या कहा? धन्य गुरु रामदास जी महाराज! यह घर भी तेरा है और दरवाजे–खिड़कियाँ भी तेरी हैं। यह है गुरु घर के लिए समर्पित होना।

प्रातःकाल जब धन्य गुरु रामदास जी महाराज स्वयं संगत को देखने आए तो क्या देखा, संगत आग की ढेरी के इर्द–गिर्द बैठकर आनंदपूर्वक कीर्तन कर रही है। सुबह हुई सच्चे पातशाह जी ने सेवक से पूछा कि हमें तो पता चला था कि गुरु घर की सारी लकड़ी गीली हो गई है, फिर यह लकड़ी कौन लेकर आया? सेवक ने कहा कि मालवे का रहने वाला सिक्ख है भाई आदम, काफी महीनों से सेवा कर रहा है गुरु घर में। यह दो बार अपने घर से लकड़ी लाया और सारी लकड़ी खत्म हो जाने पर अपने घर की चौगाठें और दरवाजे–खिड़कियाँ भी उखाड़ लाया ताकि गुरु की संगत को ठण्ड न लगे। सतिगुरु जी प्रसन्न हुए और कहने लगे कि हम भी रात को आए थे संगत को देखने और जहाँ संगत आग सेंक रही थी, वहाँ ढोलकी–छैणों के साथ बड़े आनंद में कीर्तन भी कर रही थी।

अब धन्य गुरु रामदास जी महाराज ने

*–शेष पन्ना 49 पर*

परम सत्कारयोग्य भाई साहिब भाई गुरइकबाल सिंह जी के द्वारा दिए गए प्रोग्राम का अनुवाद

# जन नानक गुरु पूरा पाइआ

–जसविन्द्र सिंह (पटियाला)

*छंत ॥*
*सुणि यार हमारे सजण*
*इक करउ बेनंतीआ ॥*
*तिसु मोहन लाल पिआरे*
*हउ फिरउ खोजंतीआ ॥*
*तिसु दसि पिआरे सिरु धरी उतारे*
*इक भोरी दरसनु दीजै ॥*
*नैन हमारे प्रिअ रंग रंगारे*
*इकु तिलु भी ना धीरीजै ॥*
*प्रभ सिउ मनु लीना जिउ जल मीना*
*चात्रिक जिवै तिसंतीआ ॥*
*जन नानक गुरु पूरा पाइआ*
*सगली तिखा बुझंतीआ ॥१॥*

*(अंग ७०३)*

श्री गुरु गोबिंद सिंघ जी महाराज के प्यार में सारी संगत कहो, सतिनाम श्री वाहिगुरु।

दास कोई रागी बनकर आप जी के दर्शन नहीं कर रहा, कोई ज्ञानी बनकर, कथावाचक बनकर नहीं बल्कि आपकी तरह किरती हूँ, आपके बिठाए बैठा हूँ, सिर पर हाथ रखना, गुरु साहिब सेवा लें।

सिक्खी की पहली क्लास– संगत में बैठने का तरीका। भावना बनाकर बैठो कि श्री गुरु ग्रंथ साहिब जी का प्रकाश कोई पोथी नहीं, किताब नहीं, कलगीधर पातशाह स्वयं विराजमान हैं। यह भावना बनाओ। यह शुरुआत है। बुल्ले शाह ने कहा है:

***इश्क की नमाज का यह पहला असूल है।***
***यार होवे सामने तो सिजदा कबूल है।***

सुरति से यार को न बिठाया तो सिजदा किसलिए? श्री गुरु ग्रंथ साहिब जी महाराज का आश्य है:

***अंदरि सचा नेहु लाइआ प्रीतम आपणै ॥***
***तनु मनु होइ निहालु***
***जा गुरु देखा साम्हणे ॥१॥***

*(अंग ७५८)*

हाजर–नाजर समझकर बैठे हो कि श्री गुरु ग्रंथ साहिब जी में कलगीधर पातशाह जी स्वयं विराजमान हैं:

***विचि संगति हरि प्रभु वरतदा बुझहु सबद वीचारि ॥***

*(अंग १३१४)*

***सतिगुर की ऐसी वडिआई ॥***
***पुत्र कलत्र विचे गति पाई ॥२॥***

*(अंग ६६१)*

यह हकीकत है। सच्चे हृदय से आप में से

कोई रंगा हो, कहते हैं कि सात ननिहाल की, सात दादके की, सात ससुराल की कुलें पार करवा देता है। पूरे प्रभु के चरणों में जो लीन हो जाए:

*मः ३ ॥*

*जिन गुरमुखि नामु धिआइआ*
*आए ते परवाणु ॥*
*नानक कुल उधारहि आपणा*
*दरगह पावहि माणु ॥२॥*

*(अंग ६४८)*

यह गुरबाणी का फैसला है:

*नानक आपि निहाल*
*सभि कुल तारसी ॥१॥४॥६॥*

*(अंग ७३०)*

एक भावना की आपकी नाव को थोड़ा–सा स्पर्श किया है कि गुरु के रंग में लीन हो तो यह मत समझना कि आपका पार उतारा होगा या नहीं। कहते हैं कि तेरी कुलें भी पार हो जाएंगी। बाकी इसका विस्तार आगे भी है। अपने पिता कलगीधर जी पर इतनी भावना रखना। कुछ लोगों की भावना यहाँ तक होती है कि पता नहीं गुरु मेरी झोली भरेगा या नहीं। शंका होती है। कुछ लोगों की भावना थोड़ी–सी ऊँची होती है कि गुरु मेरी झोली भरेगा, पर तीसरी बात है कि अपनी भावना की नाव को यहाँ रखना कि तेरा पिता इतना बड़ा है कि तेरी झोली भरनी एक तरफ रही, यदि कहीं कृपा के घर में आ जाए तो तुझे अन्यों की झोलियां भरने वाला बना सकता है। यह वह घर है इसलिए दास ने यह पंक्ति ली है:

*जन नानक गुरु पूरा पाइआ*
*सगली तिखा बुझंतीआ ॥१॥*

*(अंग ७०३)*

कुछ लोगों की भावना होती है कि पता नहीं गुरु झोली भरेगा या नहीं। कुछ की यहाँ तक होती है कि झोली भरेगा। अपनी भावना को ऊँचा रखना है। गुरु कृपा के घर में आ जाए तो आपको दूसरों की झोलियां भरने वाला बना सकता है। हमारे अमृतसर में बाबा दीप सिंघ जी का स्थान है। हजारों–लाखों की आज भी झोलियां वहां से भरती हैं और बाबा दीप सिंघ जी कौन हैं? धन्य गुरु गोबिंद सिंघ जी महाराज के सिक्ख हैं।

रविवार गुरुद्वारा श्री शहीदां साहिब, अमृतसर चुपहरे के पाठ होते हैं– सुखमनी साहिब के, बाबा दीप सिंघ जी के दर पर। सब संगतों के हाथों में सुखमनी साहिब का गुटका साहिब होता है। यूं नहीं कोई आता। बाबा दीप सिंघ जी कौन हैं? कलगीधर पातशाह जी के एक लाडले सिक्ख हैं। गुरु के सिक्ख पर इतनी कृपा है तो गुरु कितना बड़ा होगा? अपनी भावना धन्य गुरु गोबिंद सिंघ जी महाराज पर रखना फिर तेरी झोली भरना तो एक तरफ गुरु साहिब कृपा के घर में आ गए तो तुझे दूसरों की झोलियां भरने वाला भी बना सकते हैं। तेरा पार उतारा एक तरफ, तेरी कुलें तक पार उतार सकते हैं। सभी ध्यान दो कि गुरु अभी तक पूरा पाया है या नहीं?

*जन नानक गुरु पूरा पाइआ*
*सगली तिखा बुझंतीआ ॥१॥*

*(अंग ७०३)*

इस धरती पर साध संगत जी, तीन तरह के व्यक्ति रहते हैं। जरा ध्यान देना कि हम किन में से आते हैं। एक वे व्यक्ति हैं जिनके कर्मों का खेल ऐसा है कि गुरु अधूरा मिल गया है।

एक दूसरी तरह के व्यक्ति हैं जिनको गुरु मिला ही नहीं और एक तीसरी तरह के व्यक्ति हैं जिनको गुरु पूरा मिला है। आपको नक्शा सामने आ जाएगा कि हम किन में से हैं। दास का ख्याल है कि पंडाल में ऐसा कोई न रहा होगा जिसकी अपनी तस्वीर सामने न आई होगी कि मैं किस में हूँ। अभी गुरु वाला बना ही नहीं या पूरा गुरु मिला है या अधूरे के डेरे पर जाता हूँ।

अमृतसर में एक 32 साल की स्त्री थी उसने दास को कहा कि भाई साहिब, मैंने गुरु धारण करना है। दास ने उसकी ओर देखकर कहा कि कितनी उम्र है आपकी। उसने कहा, 32 साल। दास ने कहा, 32 साल हो गए, अभी तक गुरु नहीं धारण किया? वह बड़े भोले भाव कहने लगी, दो धारण किए थे, मृत्यु को प्राप्त हो गए। दास ने कहा, दो धारण किए, मृत्यु को प्राप्त हो गए, मैं समझा नहीं। वह कहने लगी, कुंवारी उम्र में किसी को धारण किया था। उसके बाद माता–पिता ने जब विवाह कर दिया तो विवाह के बाद जब मैं ससुराल गई तो वे किसी अन्य को गुरु मानते थे। जरा ध्यान देना। वह कहने लगी कि ससुराल वाले कहने लगे कि आदमी मुताबिक जिंदगी व्यतीत करते हैं। इसलिए हमने जिसको धारण किया है, उसको अब तू धारण कर। वह कहने लगी, फिर मैंने उसको गुरु धारण किया। उसका मंत्र लिया। साल बाद पहले गुरु परलोक गमन कर गए। साल दो साल हुए हैं जिनको दूसरा गुरु धारण किया था, वे भी परलोक गमन कर गए और अब मैंने तीसरा गुरु धारण करना है। आप बताओ क्या करुं? खालसा जी! एक–आधा मिनट के लिए ध्यान दो। उस समय दास ने ध्यान दिया और दास ने गुरु के सिक्खों को कितना भाग्यशाली माना। दास ने कहा, धन्य कलगीधर पिता जी, आपने हमारी कितनी बड़ी समस्या को हल किया हुआ है। इस बीबी को झंझट पड़ा हुआ है दो चीजों का। पहला तो यह कि दो गुरु धारण किए हैं, वे शरीर त्याग गए हैं, अब किस को गुरु धारण करूँ? दास ने सोचा कि **गुरु का सिक्ख कितना भाग्यशाली है। धन्य गुरु गोबिंद सिंघ जी ने सिक्ख को पाँच प्यारों द्वारा जिसके लड़ लगाया है, धन्य श्री गुरु ग्रंथ साहिब जी महाराज के। इस गुरु का प्रकाशोत्सव तो है पर बरसी नहीं।** यह तो नहीं कहोगे कि आगे से किस को गुरु धारण करूँ? इसलिए सिक्ख कितना भाग्यशाली है। आपके पास मान है। जो धन्य गुरु गोबिंद सिंघ जी महाराज ने 11 महीनों की चुप से दरगाह की मर्यादा आपको प्रदान की, पाँच प्यारों द्वारा शब्द गुरु के लड़ लगाया। खालसा जी! यह बहुत गर्व वाली बात है कि धन्य श्री गुरु ग्रंथ साहिब जी का प्रकाशोत्सव है पर बरसी नहीं।

दूसरा, उस बेटी को, उस बहन को कितनी बड़ी मुश्किल होगी जिसने पहले किसी व्यक्ति को गुरु धारण किया हो और ससुराल ने तो कहना ही है कि पति मुताबिक गुरु धारण कर। इसलिए अब हृदय पर जिसको पहले बिठाया है, जिस गुरु से मंत्र लिया है, विवाह के बाद क्या करें, उसको छोड़े और दूसरे को बिठाए। खालसा जी! आप कितने भाग्यशाली हो। अगर आपने अपनी बेटी को अमृतपान करवाया है, धन्य श्री गुरु ग्रंथ साहिब जी महाराज के लड़ लगाया है तो आगे से सिक्खों के घर में विवाह करते हो तो यह समस्या नहीं कि गुरु कोई और है। पहचानो, क्योंकि बहुत बड़ी बात होती है जिसको हृदय में बसाया हो, उसको छोड़ें और दूसरे को

धारण करें। कितनी कठिन बात है। पर धन्य श्री गुरु गोबिंद सिंघ जी ने इस मुश्किल से निकाल दिया है। अब बच्ची ने स्वाभाविक बात कही पर दास को मान आ गया अपने धन्य गुरु कलगीधर पिता जी पर! ये आपकी सड़कें, ये आपकी दातें! आपने अपने सिक्खों के लिए, प्यारों के लिए यह समस्या नहीं रहने दी। संगत जी जरा ध्यान देना। तीन तरह के व्यक्ति हैं। एक वे जो अधूरे के लड़ लग गए, एक वे जो गुरु वाले बने ही नहीं, एक वे जिनको पूरा गुरु मिला है। दास दावे से कहता है, अपने पिता जी के भरोसे पर, गुरु प्यारो! यदि किसी को आप में से गुरु पूरा मिला है। यदि कोई कमी भी आ जाएगी, कमजोरी भी आ जाएगी, यदि हाथ पूरे गुरु का है तो संभाल लेगा। यह बहुत बड़ी बात है। दास गुरु की गोद में बैठ कर दावे से कह रहा है, गुरु साहिब इतना प्यार करते हैं। संगत जी यह मत समझना कि भक्त धन्ना की खेती की, पर आज नहीं है। आज भी है। सिर्फ अभी पहुँच नहीं हुई तो अलग बात है। मत समझना कि नामदेव जी की झोंपड़ी बनाई और आज नहीं है। आज भी है। जिस दिन कभी आँख देख लेगी, फिर आप कहोगेः

***सो सतिगुरु पिआरा मेरै नालि है***
***जिथै किथै मैनो लए छडाई॥***

*(अंग ५८८)*

***गुरु मेरै संगि सदा है नाले॥***

*(अंग ३६४)*

यह तीसरी बात बहुत बड़ी है। यदि कभी कमी भी आ जाएगी, कमजोरी भी आ जाएगी तो अपने समझकर कृपा करके संभाल लेगा। अब देख लो भाई जोगा में कमी आ गई थी, विकार भारी हो गए, कदम चले गए वेश्या के द्वार पर, सीढ़ी चढ़ गए, होशियारपुर के पास। अब चलो, मालिक पूरा था, यदि कमजोरी आ भी गई सिक्ख में तो इतने निम्न स्थान पर किस ने पहरा दिया? सिर्फ आपने दिया है कलगीधर पिता जी। यदि सिक्ख में कमजोरी आ भी गई तो वेश्या की सीढ़ियों पर पहरा दिया है, अपने सिक्ख को संभाला है। प्यारो! कमजोरी आ भी गई तो संभाल लेगा।

किसी कवि ने लिखा है कि भाई जोगा तीन बार आया। बाबा जी वचन सुनाते थे कि तीन बार उसने देखा कि सीढ़ियों पर कोई पहरा दे रहा है। तीसरी बार प्रभात काल होने वाला था। भाई जोगा यह समझता रहा कि वेश्या के कोठे पर कोई गया है और उसका पहरेदार खड़ा है। जब तीसरी बार गया तो जो पहरे पर खड़ा था, उसने कहा कि तूं तीसरी बार आया है, तेरे मुख पर दाढ़ी है, तू सिक्ख लगता हैः

***की आखे कंघा, किरपान***
***संग चलेगा धरम ईमान।***
***की आखे कड़ा केस कछहरा?***
***सिक्खा! तू कम नहीं करना भैड़ा।***
***इह पंजे कक्के धार के, तूं झूठ बनाया ठाठ।***
***जाह सिक्खा घर आपने कर जपुजी दा पाठ।***

मन को बात लगी। मैं तो सिक्ख हूँ, मेरे कदम किधर चल दिए? मैं अमृत वेला संभालूं। वापिस चल पड़ा। यह बाबा जी स्वयं साखी सुनाते थे। कहते हैं कि दो मिनट बाद फिर आ गया। और जो सीढ़ियों पर पहरा दे रहे धन्य गुरु गोबिंद सिंघ जी महाराज अब जब चौथी बार आया तो कहने लगे कि फिर आ गया है? बाबा जी कहते कि चौथी बार भाई जोगे ने पहरा देने वाले का चोला पकड़ लिया। भाई जोगा कहने

लगा– इस बार ऊपर चढ़ने नहीं आया। मैं दुबारा आया हूँ, मेरे मन में एक बात आई है कि तू मुझे तो रोक रहा है पर तू यहाँ क्यों खड़ा है? स्वयं कलगीधर पिता जी निम्न स्थान पर पहरा देने वाले कहने लगे कि मैं भी किसी के आदेश द्वारा खड़ा हूँ, उससे वचन किया हुआ है तू मेरे जोगा और मैं तेरे जोगा। खालसा जी! पूरे का लाभ है। यदि कमजोरी आ भी जाएगी तो संभाल लेगा। कल कोई निगुरा न रह जाए सभी ध्यान दो कि पूरा गुरु पाया कि नहीं? गुरु वाले बने हो या नहीं? जरुर ध्यान दो।

आप एक बात सुनकर हैरान होगे, भरे पंडाल में दास बोल रहा है पर वह बीती भक्त धन्ना जी के साथ है। आपको पता है कि भक्त धन्ना जी को दर्शन हुए हैं। एक बार भक्त धन्ना जी को गर्व हो गया कि ईश्वर को पाना कौन–सा कठिन है। हाथ ऊँचा करके कहने लगे, सात दिन में ही पा लिया है। सात दिन ही मुश्किल कटे। भोजन पका। नहीं हुए दर्शन, फिर पका। सात दिनों में ही पा लिया। उस रात भक्त धन्ना जी को सपना आया और सपने में सात पिंजर देखे, मुर्दे के पिंजर देखे। प्राप्ति इतनी हो चुकी थी कि बीठुल काम संवारता था, खेती करता था। अगले दिन भक्त धन्ना जी का मन बड़ा खराब, मन बड़ा उदास और बीठुल कहने लगा– भक्त धन्ना जी! उदास क्यों हो? भक्त धन्ना जी कहने लगे कि हे बीठुल! रात को बड़ा बुरा सपना आया है, क्या सपना आया है? सपने में मुर्दे के सात पिंजर देखे हैं। बीठुल हंस दिए। कहने लगे, उदास मत हो। यह भी मेरी लीला है। भक्त धन्ना जी कहने लगे कि मैं समझा नहीं कि यह आप की लीला है। कल तूने हाथ मारकर कहा था कि सात दिनों में ही पा लिया है। यह तुझे दिखाया है कि सात पिंजर जो देखे हैं, भक्त धन्ना जी यह पिंजर किसी और के नहीं, तेरे ही हैं। सात दिनों में ही पा लिया, नहीं! सात जन्म हो गए हैं। तुझे तप करते, प्राप्ति इस जन्म में हुई है। साध संगत जी! आप देखो कि बीठुल खेती करता है, पर क्या वचन किया, भक्त धन्ना जी, बेशक मैं तुम्हारे काम करता हूँ, काम संवारता हूँ, एक बात सुन ले, तू मेरे स्वरूप में नहीं समा सकता क्योंकि निगुरा है। खालसा जी! कितनी बड़ी बात है। भक्त धन्ना जी कहने लगे, हे परमात्मा! आपके दर्शन के बाद भी गुरु धारण करने की जरुरत है? मुझे आपके दर्शन हो गए हैं। मेरी तू खेती करे, काम करे। क्या अभी भी जरुरत है। हाँ, भक्त धन्ना जी! बेशक मेरे दर्शन हो गए हैं, मैं तुम्हारे काम करता हूँ, पर तू मेरे स्वरूप में नहीं समा सकता जब तक तू गुरु वाला नहीं बनता।

खालसा जी! पढ़ो इतिहास, भक्त रामानंद जी को भक्त धन्ना जी ने मर्यादा अनुसार गुरु धारण किया। इतना जरुरी है, गुरु वाला बनना। कुछ कह देते हैं क्या जरुरत है? पर नहीं। भक्त नामदेव जी का इतिहास पढ़ लो। भक्त नामदेव जी, ज्ञानेश्वर के साथ विचरण करते रहे और उन्होंने भरी सभा में से भक्त नामदेव जी को उठा दिया था कि इस सभा में तू नहीं बैठ सकता, क्योंकि तू निगुरा है। जब परमात्मा के दर्शन हुए, वैराग्य किया तो क्या हुआ? भक्त नामदेव जी को 72 बार दर्शन हुए हैं। कहने लगे कि मुझे ज्ञानेश्वर ने भरी सभा में से उठा दिया है। मेरा अपमान हुआ है कि तू निगुरा है। मुझे प्राप्ति हो गई है। तू मेरे संग है। मुझे अभी भी गुरु की जरूरत है? हाँ नामदेव। अभी भी जरुरत है।

पढ़ो, इतिहास खालसा जी! इतना जरुरी है, गुरु वाला बनना।

आपको पता है कि भगत पीपा जी की बाणी श्री गुरु ग्रंथ साहिब जी महाराज में दर्ज है। आपको पता है कि भक्त पीपा जी को देवी के दर्शन हुए हैं। देवी ने कहा था कि मांग, क्या मांगता है। भक्त पीपा जी कहने लगे, मुक्ति। मुक्ति चाहिए। देवी ने सिर हिलाया कि भक्त पीपा जी आपने मेरी आराधना की है। यदि संसारी पदार्थ मांगे, मैं तुझे दे सकती हूँ, मुक्ति नहीं दे सकती। क्योंकि तू अभी गुरु वाला नहीं बना। आज कलगीधर पिता जी ने कितना सरल किया हुआ है। आओ यह पंक्ति पढ़ लें:

***बिनु गुर पूरे नाही उधारु॥***
***बाबा नानकु आखै एहु बीचारु॥२॥११॥***

*(अंग ८८६)*

यह गुरबाणी का फैसला है। आप हैरान होंगे कि देवी के दर्शन भी हो गए तो भी कहा, मुक्ति नहीं क्योंकि तू निगुरा है। भक्त पीपा जी पहले राजा थे। भक्त रामानंद जी के पास गुरु धारण करने गए। जब इन्होंने अंदर संदेश भेजा कि राजा पीपा आया है, उसने गुरु धारण करना है तो अंदर से संदेश आया कि राजा पीपा को कहो, यहाँ राजाओं के लिए जगह नहीं। कहते हैं कि उस समय राजा पीपा ने गले में सोने की माला एवं अन्य आभूषण उतार दिए और उसी समय दान कर दिए और फिर संदेश भेजा कि अंदर जाकर कहो कि निमाना पीपा आया है, उसने गुरु धारण करना है। जब अंदर संदेश दिया कि निमाना पीपा आया है, उसने विनती की है कि गुरु धारण करना है तो अंदर से भक्त रामानंद जी कहने लगे कि यदि बहुत जल्दी है तो कुएं में छलांग मार दे। सिर्फ दो मिनट आपका ध्यान दिलाना चाहता हूँ कि कितना कठिन था पर आज शुक्र करो धन्य गुरु गोबिंद सिंघ जी महाराज का जिन्होंने इस कठिन काम को कितना सरल बना दिया है। पाँच प्यारों द्वारा यह दात दी जाती है।

साध संगत जी! बाबा नंद सिंघ जी का एक वचन है। कहते थे कि एक बात का अफसोस है अभी सिक्ख को जोर लगाना पड़ता है, सिक्ख बन जाओ। हम तो और कई जगह बाहर पहुँचे। इधर तो सिक्ख ने बनना ही बनना है। उस समय पंडाल में बैठा कोई व्यक्ति सोचता हो कि एक बात का स्टेज पर जोर लगा रहे हैं पर यदि जोर लगाने वाले की ओर बात करें तो जोर धन्य गुरु गोबिंद सिंघ जी महाराज स्वयं भी लगाते रहे हैं। आप में से कोई कहे कि अमृतपान करना जरुरी है?

प्यारो! दास का ख्याल है कि भाई डल्ला जी की साखी आपने सुनी होगी पर थोड़ी–सी डिटेल में सुन लो। गुरु साहिब सेवा लें। इसने सारी रात पहरा दिया था। डयूटियां बदलती रहती थीं। गुरु सोता तो नहीं जब रात को करवट बदली तो देखा, भाई डल्ला पहरे पर। प्रसन्न हो गए। कोई गुरु का बने तो सही। वे कहते हैं कि दातें लो। अगर जिंदगी में संगत में बैठने का समय मिले तो नेत्र गुरु के चरणों की ओर रखें, कान कथा–कीर्तन की ओर रखें और रसना व हृदय में 'वाहिगुरु–वाहिगुरु' चलता हो। सब चैक करो, रहरासि साहिब के पाठ में यह अवस्था लिखी है:

***अंतरि गुरु आराधणा जिहवा जपि गुर नाउ॥***
***नेत्री सतिगुरु पेखणा स्रवणी सुनणा गुर नाउ॥***

*(अंग ५१७)*

